@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

ਦਿਲ੍ਲੀ, ਹਿਮਾਚਲ, ਹਰਿਯਾਣਾ, ਪੰਜਾਬ, ਉਤ੍ਤਰ ਪ੍ਰਦੇਸ਼, ਉਤ੍ਤਰਾਖਣ੍ਡ ਸੇ ਪ੍ਰਸਾਰਿਤ।

Saturday, 28 December 2024

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 28 ਦਸੰਬਰ 2024, 14 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 48, qpatrika@gmail.com ਫੋਨ : 9971359517 www.qaumipatrika.org

ਭਾਰਤ-ਚੀਨ ਸਬੰਧਾਂ ਦੇ ਵਿਕਾਸ 'ਚ ਮਨਮੋਹਨ ਸਿੰਘ ਦਾ ਯੋਗਦਾਨ ਸ਼ਲਾਘਾਯੋਗ

ਪੇਈਚਿੰਗ 27 ਦਸੰਬਰ। ਚੀਨ ਨੇ ਸ਼ੁੱਕਰਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੂੰ ਸਰਧਾਂਜਲੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਦੋਹਾਂ ਦੇਸਾਂ ਦੇ ਸਬੰਧਾਂ ਦੇ ਵਿਕਾਸ ਵਿਚ 'ਸਕਾਰਾਤਮਕ ਯੋਗਦਾਨ' ਪਾਇਆ। ਇਸ ਨੇ ਕਿਹਾ ਹੈ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਗੁੰਝਲਦਾਰ ਸਰਹੱਦੀ ਮੁੱਦੇ ਨੂੰ ਸੁਲਝਾਉਣ ਲਈ ਦੋਵਾਂ ਦੇਸਾਂ ਵਿਚਾਲੇ ਮਹੱਤਵਪੂਰਨ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ।ਚੀਨੀ ਵਿਦੇਸ਼ ਮੰਤਰਾਲਾ ਦੇ ਬੁਲਾਰੇ ਮਾਓ ਨਿੰਗ ਨੇ ਇੱਥੇ ਇਕ ਪੱਤਰਕਾਰ ਸੰਮੇਲਨ ਵਿਚ ਦੋਹਾਂ ਦੇਸਾਂ ਵਿਚਾਲੇ ਸਬੰਧਾਂ ਨੂੰ ਸੁਧਾਰਨ ਲਈ ਸਿੰਘ ਦੀ ਵਿਰਾਸਤ 'ਤੇ ਇਕ ਸਵਾਲ ਦੇ ਜਵਾਬ 'ਚ ਕਿਹਾ ਕਿ ਉਹ ਇਕ ਸੀਨੀਅਰ ਭਾਰਤੀ ਸਿਆਸਤਦਾਨ ਅਤੇ ਪ੍ਰਸਿੱਧ ਅਰਥ ਸਾਸਤਰੀ ਸਨ ਅਤੇ ਉਨ੍ਹਾਂ ਨੇ ਭਾਰਤ-ਚੀਨ ਸਬੰਧਾਂ ਦੇ ਵਿਕਾਸ 'ਚ ਵੱਡਾ ਯੋਗਦਾਨ ਪਾਇਆ ਸੀ। ਮਾਓ ਨੇ ਕਿਹਾ ਕਿ ਜਦੋਂ ਸਿੰਘ ਪ੍ਰਧਾਨ ਮੰਤਰੀ ਸਨ ਤਾਂ ਚੀਨ ਅਤੇ ਭਾਰਤ ਨੇ ਸਾਂਤੀ ਅਤੇ ਖੁਸਹਾਲੀ ਲਈ ਇੱਕ ਰਣਨੀਤਕ ਸਹਿਯੋਗੀ ਭਾਈਵਾਲੀ ਦਾ ਐਲਾਨ ਕੀਤਾ ਅਤੇ ਭਾਰਤ-ਚੀਨ ਸਰਹੱਦੀ ਮੁੱਦੇ ਦੇ ਹੱਲ ਲਈ ਰਾਜਨੀਤਿਕ ਮਾਪਦੰਡਾਂ ਅਤੇ ਮਾਰਗਦਰਸਕ ਸਿਧਾਂਤਾਂ 'ਤੇ ਇਕ ਸਮਝੌਤਾ ਕੀਤਾ। ਉਨ੍ਹਾਂ ਕਿਹਾ ਕਿ ਚੀਨ ਸਿੰਘ ਦੀ ਮੌਤ 'ਤੇ ਡੂੰਘਾ ਸੋਗ ਪ੍ਰਗਟ ਕਰਦਾ ਹੈ ਅਤੇ ਭਾਰਤ ਸਰਕਾਰ, ਭਾਰਤੀ ਲੋਕਾਂ ਅਤੇ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ। ਸਿੰਘ ਦਾ ਵੀਰਵਾਰ ਰਾਤ ਨੂੰ ਨਵੀਂ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ (ਏਮਜ) ਵਿੱਚ 92 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ।

ਮਨਮੋਹਨ ਸਿੰਘ ਨੇ ਦੇਸ਼ ਦੀ ਅਰਥਵਿਵਸਥਾ ਨੂੰ ਦਿੱਤੀ ਨਵੀਂ ਦਿਸ਼ਾ : ਰਾਮਨਾਥ ਕੋਵਿੰਦ

ਸਿੰਮੀ ਕੌਰ ਬੱਬਰ

ਕੋਲਕਾਤਾ 27 ਦਸੰਬਰ। ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਸ਼ੁੱਕਰਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੇ ਅਜਿਹੇ ਸਮੇਂ 'ਚ ਕੇਂਦਰੀ ਵਿੱਤ ਮੰਤਰੀ ਵਜੋਂ ਅਰਥਵਿਵਸਥਾ ਦੀ ਵਾਗਡੋਰ ਸੰਭਾਲੀ ਸੀ, ਜਦੋਂ ਦੇਸ਼ ਆਰਥਿਕ ਮੋਰਚੇ 'ਤੇ ਸੰਕਟ ਦਾ ਸਾਹਮਣਾ ਕਰ ਰਿਹਾ ਸੀ। ਕੋਲਕਾਤਾ 'ਚ ਇਕ ਪ੍ਰੋਗਰਾਮ 'ਚ ਰਾਮਨਾਥ ਕੋਵਿੰਦ ਨੇ ਮਨਮੋਹਨ ਸਿੰਘ ਦੇ ਦਿਹਾਂਤ ਨੂੰ ਨਿੱਜੀ ਨੁਕਸਾਨ ਦੱਸਦੇ ਹੋਏ ਕਿਹਾ ਕਿ ਸਿੰਘ ਨਿਮਰਤਾ ਦੇ ਪ੍ਰਤੀਕ ਸਨ। ਕੋਵਿੰਦ ਨੇ ਕਿਹਾ,"ਉਨ੍ਹਾਂ ਨੇ ਕਦੇ ਇਤਰਾਜਯੋਗ, ਅਸੰਸਦੀ ਸ਼ਬਦ ਨਹੀਂ ਬੋਲਿਆ।" ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਸਿੰਘ ਨੇ ਅਰਥਵਿਵਸਥਾ ਨੂੰ ਇਕ ਨਵੀਂ ਦਿਸ਼ਾ ਦਿੱਤੀ ਅਤੇ ਦੇਸ਼ ਨੂੰ ਇਕ ਮਹੱਤਵਪੂਰਨ ਮੋੜ 'ਤੇ ਪਹੁੰਚਾਇਆ। ਕੋਵਿੰਦ ਨੇ ਕਿਹਾ,"ਮਨਮੋਹਨ ਸਿੰਘ ਨੂੰ ਆਧੁਨਿਕ ਨਿਰਮਾਤਾ ਸੁਧਾਰਕ ਵਜੋਂ ਯਾਦ ਕੀਤਾ ਜਾਵੇਗਾ।" ਉਨ੍ਹਾਂ ਨੇ ਸਿੰਘ ਨੂੰ 'ਵਿਗਿਆਨ ਅਤੇ ਆਧਿਆਤਮ' ਦਾ ਇਕ ਅਜਿਹਾ ਮਿਲਿਆ-ਜੁਲਿਆ ਰੂਪ ਦੱਸਿਆ, ਜਿਸ 'ਚ ਭਾਰਤ ਦੇ ਮੁੱਲ ਅਤੇ ਸੰਸਕਾਰ ਡੂੰਘਾਈ

ਤੱਕ ਰਚੇ-ਬਸੇ ਸਨ। ਭਾਰਤ 'ਚ ਆਰਥਿਕ ਕ੍ਰਾਂਤੀ ਲਿਆਉਣ ਵਾਲੇ ਸਿੰਘ ਦਾ ਵੀਰਵਾਰ ਨੂੰ ਨਵੀਂ ਦਿੱਲੀ ਦੇ ਏਮਜ 'ਚ ਦਿਹਾਂਤ ਹੋ ਗਿਆ। ਉਹ 92 ਸਾਲ ਦੇ ਸਿੰਘ। ਸਿੰਘ 2004 ਤੋਂ 2014 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਸਨ।

ਕੈਪਟਨ ਵਲੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ 27 ਦਸੰਬਰ। ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਿਹਾਂਤ 'ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਦੇ ਦਿਹਾਂਤ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ। ਉਹ ਇਕ ਸੱਚੇ ਰਾਜਨੇਤਾ ਸਨ, ਜਿਨ੍ਹਾਂ ਨੇ ਮੂਹਰੇ ਹੋ ਕੇ ਦੇਸ਼ ਦੀ ਅਗਵਾਈ ਕੀਤੀ। ਕੈਪਟਨ ਨੇ ਲਿਖਿਆ ਕਿ ਉਨ੍ਹਾਂ ਦੀ ਦੂਰਅੰਦੇਸ਼ੀ, ਸਿਆਣਪ, ਨਿਮਰਤਾ ਅਤੇ ਦੇਸ਼ ਦੇ

ਵਿਕਾਸ ਲਈ ਵਚਨਬੱਧਤਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਕੈਪਟਨ ਨੇ ਲਿਖਿਆ ਕਿ ਮੈਂ ਪੰਜਾਬ ਨੂੰ ਦਰਪੇਸ਼ ਵੱਖ-ਵੱਖ ਆਰਥਿਕ ਮੁੱਦਿਆਂ 'ਤੇ ਉਨ੍ਹਾਂ ਤੋਂ ਮਾਰਗ ਦਰਸ਼ਨ ਲੈਣ ਨੂੰ ਹਮੇਸ਼ਾ ਯਾਦ ਕਰਾਂਗਾ। ਉਨ੍ਹਾਂ ਦੇ ਪਰਿਵਾਰ ਅਤੇ ਸਨੇਹੀਆਂ ਪ੍ਰਤੀ ਮੇਰੀ ਦਿਲੀ ਹਮਦਰਦੀ ਹੈ। ਇਸ ਮੌਕੇ ਕੈਪਟਨ ਨੇ ਡਾ. ਮਨਮੋਹਨ ਸਿੰਘ ਨਾਲ ਆਪਣੀ ਇਕ ਪੁਰਾਣੀ ਤਸਵੀਰ ਵੀ ਸਾਂਝੀ ਕੀਤੀ ਹੈ। ਤੁਹਾਨੂੰ ਦੱਸ ਦੇਈਏ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਵੀਰਵਾਰ ਨੂੰ ਦਿੱਲੀ ਸਥਿਤ ਏਮਸ 'ਚ ਦਿਹਾਂਤ ਹੋ ਗਿਆ ਸੀ। ਉਹ 92 ਸਾਲਾਂ ਦੇ ਸਨ। ਉਨ੍ਹਾਂ ਰਾਤ 9:51 ਵਜੇ ਆਖਰੀ ਸਾਹ ਲਏ। ਉਹ ਵੀਰਵਾਰ ਸ਼ਾਮ ਅਚਾਨਕ ਬੇਸੁੱਧ ਹੋ ਗਏ, ਜਿਸ ਮਗਰੋਂ ਉਨ੍ਹਾਂ ਨੂੰ ਰਾਤੀਂ 8:06 ਵਜੇ ਏਮਸ ਦੇ ਐਮਰਜੈਂਸੀ ਵਿਭਾਗ ਵਿਚ ਦਾਖਲ ਕਰਵਾਇਆ ਗਿਆ ਸੀ। ਉਹ ਪਿਛਲੇ ਕੁੱਝ ਸਮੇਂ ਤੋਂ ਉਮਰ ਨਾਲ ਜੁੜੀਆਂ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਸਨ। ਸੂਤਰਾਂ ਮੁਤਾਬਕ ਸਰਕਾਰ ਨੇ ਦੇਸ਼ 'ਚ 7 ਦਿਨ ਦਾ ਸੋਗ ਐਲਾਨ ਦਿੱਤਾ ਹੈ। ਉਨ੍ਹਾਂ ਦਾ ਅੰਤਿਮ ਸੰਸਕਾਰ ਰਾਜਸੀ ਸਨਮਾਨਾਂ ਨਾਲ ਕੀਤਾ ਜਾਵੇਗਾ।

ਪੰਜਾਬ 'ਚ ਵੈਟਰਨਰੀ ਪੌਲੀਕਲੀਨਿਕਾਂ ਲਈ ਮਾਨ ਸਰਕਾਰ ਨੇ ਚੁੱਕਿਆ ਵੱਡਾ ਕਦਮ

ਨਵਦੀਪ ਸਿੰਘ ਸਾਹਨੀ

ਚੰਡੀਗੜ੍ਹ 27 ਦਸੰਬਰ। ਸੂਬੇ ਵਿੱਚ ਪਾਲਤੂ ਜਾਨਵਰਾਂ ਅਤੇ ਪਸ਼ੂਆਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਲਦੀ ਸੂਬੇ ਦੇ ਛੇ ਵੈਟਰਨਰੀ ਪੌਲੀਕਲੀਨਿਕਾਂ ਵਿੱਚ ਇਨਡੋਰ ਸੇਵਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਇਸ ਪਹਿਲਕਦਮੀ ਬਾਰੇ ਜਾਣਕਾਰੀ ਦਿੰਦਿਆਂ ਅੱਜ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਵੈਟਰਨਰੀ ਸੰਸਥਾਵਾਂ ਵਿੱਚ ਸਹੂਲਤਾਂ ਦੇ ਵਿਸਥਾਰ ਲਈ 1.85 ਕਰੋੜ ਰੁਪਏ ਤੋਂ ਵੱਧ ਦੇ ਫੰਡ ਮੁਹੱਈਆ ਕਰਵਾਏ ਗਏ ਹਨ ਅਤੇ ਪਟਿਆਲਾ, ਅੰਮ੍ਰਿਤਸਰ, ਬਠਿੰਡਾ, ਸੰਗਰੂਰ, ਗੁਰਦਾਸਪੁਰ ਅਤੇ ਲੁਧਿਆਣਾ ਦੇ ਵੈਟਰਨਰੀ ਪੌਲੀਕਲੀਨਿਕਾਂ ਵਿੱਚ ਜਲਦੀ ਇਨਡੋਰ ਸੇਵਾਵਾਂ ਸ਼ੁਰੂ ਕਰਨ ਲਈ ਉਪਕਰਨ ਵੀ ਮੁਹੱਈਆ ਕਰਵਾਏ ਜਾ ਰਹੇ ਹਨ। ਇਨ੍ਹਾਂ ਪੌਲੀਕਲੀਨਿਕਾਂ ਵਿੱਚ ਪਾਲਤੂ ਜਾਨਵਰਾਂ ਅਤੇ ਪਸ਼ੂਆਂ ਲਈ ਬਹੁਤ ਸਾਰੀਆਂ ਇਨਡੋਰ ਸੇਵਾਵਾਂ ਦਿੱਤੀਆਂ ਜਾਣਗੀਆਂ, ਜਿਨ੍ਹਾਂ ਵਿੱਚ ਗੰਭੀਰ ਬੀਮਾਰੀ ਦਾ ਇਲਾਜ, ਸਰਜਰੀਆਂ, ਸਰਜਰੀ ਉਪਰੰਤ ਦੇਖਭਾਲ, ਲੈਬ ਟੈਸਟ, ਐਕਸ-ਰੇਅ ਅਤੇ ਅਲਟਰਾਸਾਊਂਡ ਸਹੂਲਤਾਂ ਸਾਮਲ ਹਨ। ਪਸ਼ੂ ਪਾਲਣ ਵਿਭਾਗ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਲੰਪੀ ਸਕਿੱਨ ਬੀਮਾਰੀ ਦੀ ਰੋਕਥਾਮ ਲਈ ਸਾਰੇ ਪਸ਼ੂਧਨ ਨੂੰ ਦੋ ਵਾਰ ਗੋਟ

ਪੌਕਸ ਦੀਆਂ ਖੁਰਾਕਾਂ ਮੁਫ਼ਤ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਸਾਰੇ ਯੋਗ ਪਸ਼ੂਆਂ ਦਾ ਸਾਲ ਵਿੱਚ ਦੋ ਵਾਰ ਮੂੰਹ-ਖੁਰ ਦੀ ਬੀਮਾਰੀ ਖਿਲਾਫ ਟੀਕਾਕਰਨ ਵੀ ਕੀਤਾ ਗਿਆ ਹੈ। ਇਸ ਸਾਲ ਦੌਰਾਨ ਪਸ਼ੂਆਂ ਨੂੰ ਮੂੰਹ-ਖੁਰ ਦੀ ਬੀਮਾਰੀ ਤੋਂ ਬਚਾਉਣ ਲਈ ਵੈਕਸੀਨ ਦੀਆਂ 126.22 ਲੱਖ ਖੁਰਾਕਾਂ ਦੋ ਪੜਾਵਾਂ ਵਿੱਚ ਮੁਫ਼ਤ ਦਿੱਤੀਆਂ ਗਈਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਸੂਬੇ ਦੇ ਪਸ਼ੂ ਪਾਲਕਾਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਕਰਨ ਦੇ ਨਾਲ-ਨਾਲ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਲਈ 11.81 ਕਰੋੜ ਰੁਪਏ ਦੀ ਲਾਗਤ ਨਾਲ ਫੋਜਨ ਸੈਕਸਡ ਸੀਮਨ (ਸਿਰਫ ਵੱਛੀਆਂ/ਕੱਟੀਆਂ ਪੈਦਾ ਕਰਨ ਲਈ) ਦੀਆਂ 1,75,000 ਖੁਰਾਕਾਂ ਖਰੀਦੀਆਂ ਗਈਆਂ। ਉਨ੍ਹਾਂ ਕਿਹਾ ਕਿ ਬਿਹਤਰ ਪਸ਼ੂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ 326 ਨਵੇਂ ਵੈਟਰਨਰੀ ਅਫਸਰ, 538 ਵੈਟਰਨਰੀ ਇੰਸਪੈਕਟਰ ਅਤੇ 59 ਗਰੁੱਪ ਸੀ ਦੀਆਂ ਅਸਾਮੀਆਂ ਭਰੀਆਂ ਗਈਆਂ ਹਨ ਅਤੇ 405 ਹੋਰ ਵੈਟਰਨਰੀ ਅਫਸਰਾਂ ਦੀ ਭਰਤੀ ਪ੍ਰਕਿਰਿਆ ਅਧੀਨ ਹੈ। ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਦੱਸਿਆ ਕਿ 6.37 ਕਰੋੜ ਰੁਪਏ ਦੇ ਡੀਵਾਰਮਰ ਸੂਬੇ ਭਰ ਦੇ ਸਾਰੇ ਪਸ਼ੂ ਪਾਲਕਾਂ ਨੂੰ ਵੰਡੇ ਗਏ ਹਨ। ਇਸ ਤੋਂ ਇਲਾਵਾ ਪਸ਼ੂਆਂ ਦੇ ਇਲਾਜ ਲਈ ਹਸਪਤਾਲਾਂ/ਡਿਸਪੈਂਸਰੀਆਂ ਨੂੰ 3 ਕਰੋੜ ਰੁਪਏ ਦੀਆਂ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ ਹਨ ਅਤੇ 1 ਕਰੋੜ ਰੁਪਏ ਦੀਆਂ ਹੋਰ ਦਵਾਈਆਂ ਵੀ ਖਰੀਦੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਸੂਬੇ ਵਿੱਚ 199 ਪਸ਼ੂ ਭਲਾਈ ਅਤੇ ਜਾਗਰੂਕਤਾ ਕੈਂਪ ਵੀ ਲਗਾਏ ਗਏ ਹਨ ਅਤੇ ਸੂਬੇ ਵਿੱਚ 21ਵੀਂ ਪਸ਼ੂ ਗਣਨਾ ਕਰਵਾਈ ਜਾ ਰਹੀ ਹੈ। ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਜੀ. ਐਸ. ਬੇਦੀ ਨੇ ਦੱਸਿਆ ਕਿ ਟ੍ਰਾਈਸਿਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਪਸ਼ੂ ਪਾਲਣ ਵਿਭਾਗ ਨੇ 21 ਅਤੇ 22 ਦਸੰਬਰ, 2024 ਨੂੰ ਚੰਡੀਗੜ੍ਹ ਦੇ ਪਰੇਡ ਗਰਾਊਂਡ ਵਿਖੇ ਕਰਵਾਏ ਗਏ ਪੈੱਟ ਐਕਸਪੋ ਦੀ ਹੋਰ ਅਦਾਰਿਆਂ ਨਾਲ ਮਿਲ ਕੇ ਮੇਜਬਾਨੀ ਵੀ ਕੀਤੀ।

ਬਿਨਾਂ ਸੁਣਵਾਈ ਦੇ ਮੌਤ ਤੱਕ ਕੈਦ ਰਹਿਣਾ ਸੰਵਿਧਾਨ ਦੀ ਧਾਰਾ 21 ਦੀ ਉਲੰਘਣਾ : ਦਿੱਲੀ ਹਾਈ ਕੋਰਟ

ਨਵੀਂ ਦਿੱਲੀ 27 ਦਸੰਬਰ। ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਬਿਨਾਂ ਸੁਣਵਾਈ ਦੇ ਮੌਤ ਤੱਕ ਕੈਦ ਸੰਵਿਧਾਨ ਦੀ ਧਾਰਾ 21 ਦੀ ਉਲੰਘਣਾ ਹੈ। ਇਸ ਦੇ ਨਾਲ ਹੀ ਧੋਖਾਦੇਹੀ ਦੇ ਇਕ ਮਾਮਲੇ 'ਚ 2022 'ਚ ਗ੍ਰਿਫਤਾਰ ਕੀਤੇ ਗਏ ਵਿਅਕਤੀ ਨੂੰ ਜਮਾਨਤ ਦੇ ਦਿੱਤੀ ਗਈ ਹੈ। ਇਸ ਮਾਮਲੇ ਦੇ ਸਬੰਧ ਵਿਚ ਜਸਟਿਸ ਅਮਿਤ ਮਹਾਜਨ ਨੇ ਕਿਹਾ ਕਿ ਜੇਕਰ ਕਿਸੇ ਮੁਲਜਮ ਨੂੰ ਮਾਮਲੇ 'ਚ ਸਮੇਂ 'ਤੇ ਸੁਣਵਾਈ ਤੋਂ ਬਿਨਾਂ ਲੰਬੇ ਸਮੇਂ ਤੱਕ ਕੈਦ ਵਿਚ ਰਹਿਣਾ ਪੈਂਦਾ ਹੈ ਤਾਂ ਅਦਾਲਤਾਂ ਆਮ ਤੌਰ 'ਤੇ ਉਸ ਨੂੰ ਜਮਾਨਤ 'ਤੇ ਰਿਹਾਅ ਕਰਨ ਲਈ ਪਾਬੰਦ ਹੋਣਗੀਆਂ। ਉਹਨਾਂ ਕਿਹਾ ਕਿ ਇਹ ਭਾਰਤੀ ਸੰਵਿਧਾਨ ਦੀ ਧਾਰਾ 21 ਜੀਵਨ ਅਤੇ ਨਿੱਜੀ ਆਜਾਦੀ ਦੇ ਅਧਿਕਾਰ ਨਾਲ ਸਬੰਧਤ ਹੈ। ਜੱਜ ਨੇ ਕਿਹਾ ਕਿ ਇਸ ਮਾਮਲੇ 'ਚ ਮੁਲਜਮ ਅਜੇ ਤੈਅ ਨਹੀਂ ਕੀਤੇ ਗਏ ਹਨ। ਇਸਤਗਾਸਾ ਪੱਖ ਨੇ ਸਪਲੀਮੈਂਟਰੀ ਚਾਰਜਸੀਟ ਦਾਇਰ ਕਰਨ ਲਈ ਵਾਰ-ਵਾਰ ਮੁਲਤਵੀ ਕਰਨ ਦੀ ਅਪੀਲ ਕੀਤੀ ਹੈ ਅਤੇ ਮੁਲਜਮ ਦੀ ਆਖਰੀ ਜਮਾਨਤ ਪਟੀਸਨ ਰੱਦ ਹੋਏ ਇਕ ਸਾਲ ਹੋ ਗਿਆ ਹੈ। ਅਦਾਲਤ ਨੇ ਕਿਹਾ ਕਿ ਪਟੀਸਨਰ ਨੇ 2 ਸਾਲ ਤੋਂ ਵੱਧ ਹਿਰਾਸਤ ਵਿਚ ਬਿਤਾਏ ਹਨ। ਨੇੜੇ ਭਵਿੱਖ ਵਿਚ ਸੁਣਵਾਈ ਮੁਕੰਮਲ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ।

ਹਰਮੀਤ ਸਿੰਘ ਕਾਲਕਾ ਦੀ ਅਗਵਾਈ ਹੇਠ ਦਿੱਲੀ ਗੁਰਦੁਆਰਾ ਕਮੇਟੀ ਦੀ ਟੀਮ ਨੇ ਡਾ. ਮਨਮੋਹਨ ਸਿੰਘ ਨੂੰ ਭੇਂਟ ਕੀਤੀ ਸ਼ਰਧਾਂਜਲੀ

ਨਵੀਂ ਦਿੱਲੀ, 27 ਦਸੰਬਰ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ

ਦੀ ਅਗਵਾਈ ਹੇਠ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਤੇ ਹੋਰ ਸਮਰਥਕਾਂ ਦੀ ਟੀਮ ਨੇ ਦੇਸ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਅਕਾਲ ਚਲਾਣੇ 'ਤੇ ਉਹਨਾਂ ਦੇ ਘਰ ਪਹੁੰਚ ਕੇ ਉਹਨਾਂ ਦੀ ਮ੍ਰਿਤਕ ਦੇਹ 'ਤੇ ਫੁੱਲ ਮਾਲਾਵਾਂ ਭੇਂਟ ਕਰ ਕੇ ਸਰਧਾਂਜਲੀ ਭੇਂਟ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਦਾ ਸਦੀਵੀਂ ਵਿਛੋੜਾ ਦੇਸ ਲਈ ਇਕ ਬਹੁਤ ਵੱਡਾ ਘਾਟਾ ਹੈ। ਉਹਨਾਂ ਕਿਹਾ ਕਿ ਉਹ ਦਿੱਲੀ ਗੁਰਦੁਆਰਾ ਕਮੇਟੀ ਦੀ ਟੀਮ ਸਮੇਤ ਹੋਰ ਸਮਰਥਕਾਂ ਨਾਲ ਅੱਜ ਡਾ. ਮਨਮੋਹਨ ਸਿੰਘ ਨੂੰ ਸਰਧਾ ਦੇ ਫੁੱਲ ਭੇਂਟ ਕਰਨ ਪਹੁੰਚੇ ਹਨ। ਉਹਨਾਂ ਕਿਹਾ ਕਿ ਡਾ. ਮਨਮੋਹਨ ਸਿੰਘ ਇਕ ਦੂਰਅੰਦੇਸੀ ਸੋਚ ਕੇ ਬਹੁਤ ਹੀ ਸਮਰਪਣ ਭਾਵ ਵਾਲੇ ਆਗੂ ਸਨ ਜਿਹਨਾਂ ਨੇ ਭਾਰਤ ਦੇ ਇਤਿਹਾਸ ਵਿਚ ਆਪਣੀ ਵਿਲੱਖਣ ਲੀਡਰਸ?ਿਪ ਦੀ ਛਾਪ ਛੱਡੀ ਹੈ। ਉਹਨਾਂ ਕਿਹਾ ਕਿ ਉਹਨਾਂ ਦਾ ਸਦੀਵੀਂ ਵਿਛੋੜਾ ਸਿਰਫ ਪਰਿਵਾਰ ਲਈ ਹੀ ਨਹੀਂ ਬਲਕਿ ਦੇਸ ਤੇ ਦੁਨੀਆਂ ਲਈ ਬਹੁਤ ਵੱਡਾ ਘਾਟਾ ਹੈ ਜੋ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ।

ਭਾਰਤ ਦੇ ਮਹਾਨ ਪ੍ਰਧਾਨ ਮੰਤਰੀਆਂ

ਟ੍ਰੈਫਿਕ ਪੁਲਸ ਨੇ ਤੋੜਿਆ ਆਪਣਾ ਹੀ ਰਿਕਾਰਡ, 11 ਮਹੀਨਿਆਂ 'ਚ ਕੀਤੇ ਇੰਨੇ ਚਲਾਨ

ਲੁਧਿਆਣਾ 27 ਦਸੰਬਰ। ਸ਼ਹਿਰ ਦੀ ਟ੍ਰੈਫਿਕ ਪੁਲਸ ਨੇ ਇਸ ਸਾਲ ਦੇ 11 ਮਹੀਨਿਆਂ 'ਚ ਹੀ ਆਪਣਾ ਪਿਛਲਾ ਰਿਕਾਰਡ ਤੋੜ ਦਿੱਤਾ ਹੈ। ਸਾਲ 2023 ਦੇ 11 ਮਹੀਨਿਆਂ 'ਚ ਟ੍ਰੈਫਿਕ ਪੁਲਸ ਨੇ ਲੋਕਾਂ ਵੱਲੋਂ ਟ੍ਰੈਫਿਕ ਨਿਯਮ ਤੋੜਨ 'ਤੇ 1,87,613 ਚਲਾਨ ਕੀਤੇ ਹਨ, ਜੋ ਕਿ ਬੀਤੇ ਸਾਲ ਦੇ 12 ਮਹੀਨਿਆਂ 'ਚ ਇਹੀ ਅੰਕੜਾ 1,64,048 ਸੀ। ਇਸ ਸਾਲ ਟ੍ਰੈਫਿਕ ਪੁਲਸ ਵੱਲੋਂ ਰਾਂਗ ਪਾਰਕਿੰਗ ਦੇ ਚਲਾਨਾਂ 'ਚ ਵੀ ਕਾਫੀ ਇਜ਼ਾਫਾ ਕੀਤਾ ਗਿਆ ਹੈ, ਜੋ ਕੁੱਲ ਚਲਾਨਾਂ ਦੀ ਗਿਣਤੀ ਦਾ ਕਰੀਬ 25 ਫੀਸਦੀ ਹੈ। ਇਸ ਸਾਲ ਟ੍ਰੈਫਿਕ ਪੁਲਸ ਵੱਲੋਂ ਰਾਂਗ ਪਾਰਕਿੰਗ ਦੇ 30 ਨਵੰਬਰ ਤੱਕ 46,139 ਚਲਾਨ ਕੀਤੇ ਗਏ ਹਨ, ਜਦੋਂਕਿ ਬੀਤੇ ਸਾਲ 2022 'ਚ ਇਹ ਗਿਣਤੀ 38,698 ਸੀ। ਇਸ ਦੇ ਨਾਲ ਹੀ ਦੂਜਾ ਨੰਬਰ ਬਿਨਾਂ ਹੈਲਮੇਟ ਦੇ ਚਲਾਨਾਂ ਦਾ ਆਉਂਦਾ ਹੈ। ਇਸ ਸਾਲ 30 ਨਵੰਬਰ ਤੱਕ ਟ੍ਰੈਫਿਕ ਪੁਲਸ 35,815 ਵਿਅਕਤੀਆਂ ਦੇ ਬਿਨਾਂ ਹੈਲਮੇਟ ਚਲਾਨ ਕਰ ਚੁੱਕੀ ਹੈ, ਜੋ ਹੁਣ ਤੱਕ ਬੀਤੇ ਸਾਲ ਤੋਂ ਘੱਟ ਹੈ। ਬੀਤੇ ਸਾਲ ਇਹ ਅੰਕੜਾ 40,929 ਰਿਹਾ ਸੀ। ਇਸ ਤੋਂ ਇਲਾਵਾ ਬੀਤੇ ਸਾਲ ਓਵਰਸਪੀਡ ਦੇ 1554 ਅਤੇ ਇਸ ਸਾਲ ਹੁਣ ਤੱਕ 1319 ਚਲਾਨ ਹੋ ਚੁੱਕੇ ਹਨ। 2022 'ਚ ਹੋਏ 467 ਸੜਕ ਹਾਦਸਿਆਂ 'ਚ 364 ਵਿਅਕਤੀਆਂ ਦੀ ਜਾਨ ਚਲੀ ਗਈ, ਜਦੋਂਕਿ 174 ਵਿਅਕਤੀ ਜ਼ਖਮੀ ਹੋਏ। ਹਾਦਸਿਆਂ 'ਚ ਮਰਨ ਵਾਲੇ 364 ਵਿਅਕਤੀਆਂ 'ਚੋਂ 148 ਵਿਅਕਤੀ ਦੋਪਹੀਆ ਵਾਹਨਾਂ 'ਤੇ ਸਵਾਰ ਸਨ, ਜੋ ਕੁੱਲ ਮ੍ਰਿਤਕਾਂ ਦਾ 40 ਫੀਸਦੀ ਹੈ। ਦੋਪਹੀਆ ਵਾਹਨਾਂ 'ਤੇ ਹਾਦਸੇ ਸਮੇਂ ਜਾਨ ਜਾਣ ਦਾ ਸਭ ਤੋਂ ਵੱਡਾ ਕਾਰਨ ਲੋਕਾਂ ਵੱਲੋਂ ਹੈਲਮੇਟ ਦੀ ਵਰਤੋਂ ਨਾ ਕਰਨਾ ਹੈ। ਅਜਿਹੇ 'ਚ ਪੁਲਸ ਵੱਲੋਂ ਹੈਲਮੇਟ ਦੀ ਵਰਤੋਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਵਾਉਣ ਲਈ ਇੰਨੀ ਵੱਡੀ ਗਿਣਤੀ 'ਚ ਚਲਾਨ ਕਰਨਾ ਜਾਇਜ਼ ਮੰਨਿਆ ਜਾ ਸਕਦਾ ਹੈ। ਮਨਿਸਟਰੀ ਆਫ ਰੋਡ ਟਰਾਂਸਪੋਰਟ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸਾਲ 2022 ਵਿਚ ਸ਼ਹਿਰ 'ਚ ਹੋਏ ਕੁੱਲ ਹਾਦਸਿਆਂ 'ਚ 65 ਫੀਸਦੀ ਹਾਦਸਿਆਂ ਦਾ ਕਾਰਨ ਓਵਰਸਪੀਡ ਰਿਹਾ, ਜਿਸ ਵਿਚ 222 ਵਿਅਕਤੀ ਆਪਣੀ ਜਾਨ ਗੁਆ ਬੈਠੇ, ਜੋ ਕੁੱਲ 364 ਮੌਤਾਂ ਦਾ 60 ਫੀਸਦੀ ਹੈ। ਬੀਤੇ ਸਾਲ ਸ਼ਹਿਰ 'ਚ ਰਿਕਾਰਡ 498 ਹਾਦਸਿਆਂ 'ਚੋਂ ਓਵਰਸਪੀਡ ਕਾਰਨ 298 ਹਾਦਸੇ ਹੋਏ, ਜਿਨ੍ਹਾਂ ਵਿਚ 222 ਵਿਅਕਤੀਆਂ ਦੀ ਜਾਨ ਚਲੀ ਗਈ। ਪੁਲਸ ਵੱਲੋਂ ਓਵਰਸਪੀਡ 'ਤੇ ਲਗਾਮ ਕੱਸਣ ਲਈ 2 ਸਪੀਡ ਰਾਡਾਰ ਤਾਇਨਾਤ ਕੀਤੇ ਗਏ ਅਤੇ ਰੋਜਾਨਾ ਦਰਜਨਾਂ ਵਿਅਕਤੀਆਂ ਦੇ ਚਲਾਨ ਕੀਤੇ ਜਾ ਰਹੇ ਹਨ। ਪੁਲਸ ਵਿਭਾਗ ਵੱਲੋਂ ਇਸ ਸਾਲ ਤੋਂ ਹੈਂਡ ਹੈਲਡ ਈ-ਪੋਸ਼ ਮਸ਼ੀਨਾਂ ਦੀ ਮਦਦ ਨਾਲ ਵਾਹਨ ਚਾਲਕਾਂ ਦੇ ਈ-ਚਲਾਨ ਵੀ ਸ਼ੁਰੂ ਕਰ ਦਿੱਤੇ ਗਏ ਹਨ। ਇਸ ਦੇ ਲਈ ਪਹਿਲੇ ਪੜਾਅ 'ਚ 30 ਮਸ਼ੀਨਾਂ ਹੈੱਡ ਆਫਿਸ ਵੱਲੋਂ ਲੁਧਿਆਣਾ ਪੁਲਸ ਨੂੰ ਮੁਹੱਈਆ ਕਰਵਾਈਆਂ ਗਈਆਂ ਹਨ, ਜਿਸ ਦੇ ਲਈ ਟ੍ਰੈਫਿਕ ਮੁਲਾਜ਼ਮਾਂ ਨੂੰ ਬਾਕਾਇਦਾ ਟ੍ਰੇਨਿੰਗ ਵੀ ਦਿੱਤੀ ਗਈ। ਇਨ੍ਹਾਂ ਚਲਾਨ ਮਸ਼ੀਨਾਂ 'ਚ ਬਿਨੈਕਾਰ ਦੇ ਵਾਹਨ ਦਾ ਨੰਬਰ ਪਾਉਂਦੇ ਹੀ ਪਿਛਲਾ ਸਾਰਾ ਰਿਕਾਰਡ ਵੀ ਸਾਹਮਣੇ ਆ ਜਾਂਦਾ ਹੈ। ਏ. ਸੀ. ਪੀ. ਟ੍ਰੈਫਿਕ

ਚਰਣਜੀਵ ਲਾਂਬਾ ਦਾ ਕਹਿਣਾ ਹੈ ਕਿ ਪੁਲਸ ਵਿਭਾਗ ਵੱਲੋਂ ਲੋਕਾਂ ਦੇ ਚਲਾਨ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ ਕਿ ਆਵਾਜਾਈ ਨਿਯਮਾਂ ਨੂੰ ਆਪਣੀ ਜ਼ਿੰਦਗੀ ਦਾ ਇਕ ਅਹਿਮ ਹਿੱਸਾ ਬਣਾਉਣ। ਇਸ ਦੇ ਲਈ ਸਕੂਲ, ਕਾਲਜ, ਉਦਯੋਗਿਕ ਸੰਸਥਾਵਾਂ, ਫੈਕਟਰੀਆਂ ਅਤੇ ਟ੍ਰਾਂਸਪੋਰਟ ਯੂਨੀਅਨਾਂ 'ਚ ਜਾਗਰੂਕਤਾ ਕੈਂਪ ਅਤੇ ਸੈਮੀਨਾਰ ਵੀ ਲਗਾਏ ਜਾ ਰਹੇ ਹਨ।

ਸਿਹਤ ਵਿਭਾਗ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਲਿੰਗ ਦੱਸਣ ਤੇ ਗਰਭਪਾਤ ਕਰਨ ਵਾਲੇ ਗਿਰੋਹ ਦਾ ਪਰਦਾਫਾਸ

ਪਟਿਆਲਾ 27 ਦਸੰਬਰ। ਸਿਹਤ ਵਿਭਾਗ ਬਰਨਾਲਾ ਅਤੇ ਪਟਿਆਲਾ ਦੀ ਟੀਮ ਵੱਲੋਂ ਸਾਂਝੇ ਤੌਰ 'ਤੇ ਗੈਰ-ਕਾਨੂੰਨੀ ਢੰਗ ਨਾਲ ਲੜਕਾ-ਲੜਕੀ ਦੱਸਣ ਸਬੰਧੀ ਟੈਸਟ ਅਤੇ ਗਰਭਪਾਤ ਕਰਨ ਵਾਲੇ ਵੱਡੇ ਗਿਰੋਹ ਦਾ ਪਰਦਾਫਾਸ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਜਸਬੀਰ ਸਿੰਘ ਔਲਖ ਸਿਵਲ ਸਰਜਨ ਬਰਨਾਲਾ ਨੇ ਦੱਸਿਆ ਕਿ ਸਿਹਤ ਵਿਭਾਗ ਬਰਨਾਲਾ ਨੂੰ ਖੁਫੀਆ ਜਾਣਕਾਰੀ ਮਿਲੀ ਸੀ ਕਿ ਇਕ ਵਿਅਕਤੀ ਤੇ ਔਰਤ ਦੇ ਘਰ ਵਿੱਚ ਜਿਨ੍ਹਾਂ ਕੋਲ ਕੋਈ ਮੈਡੀਕਲ ਡਿਗਰੀ ਨਹੀਂ ਹੈ, ਲੰਮੇ ਸਮੇਂ ਤੋਂ ਪਟਿਆਲਾ ਸਹਿਰ 'ਚ ਲੜਕਾ-ਲੜਕਾ ਦੱਸਣ ਸਬੰਧੀ ਟੈਸਟ ਅਤੇ ਗਰਭਪਾਤ ਕਰਦੇ ਹਨ। ਡਾ. ਔਲਖ ਨੇ ਦੱਸਿਆ ਕਿ ਉਨ੍ਹਾਂ ਗੁਪਤ ਸੂਚਨਾ ਦੇ ਆਧਾਰ 'ਤੇ ਇਕ ਸਟਿੰਗ ਆਪ੍ਰੇਸ਼ਨ ਕੀਤਾ, ਜਿਸ ਤਹਿਤ ਕਾਰਵਾਈ ਕਰਦਿਆਂ ਸਿਹਤ ਵਿਭਾਗ ਬਰਨਾਲਾ ਦੀ ਟੀਮ ਵੱਲੋਂ ਤੁਰੰਤ ਐਕਸਨ ਲੈਂਦਿਆਂ ਗੁਪਤ ਰੇਡ ਕੀਤੀ ਗਈ ਅਤੇ ਪਟਿਆਲਾ ਦੇ ਪਿੰਡ ਚੌਰਾ ਦੇ ਇਕ ਘਰ 'ਚ ਮੁਲਜਮ ਨੂੰ ਰੰਗੇ ਹੱਥੀਂ ਟੈਸਟ ਕਰਦਿਆਂ ਫੜ ਲਿਆ ਗਿਆ। ਇਸ ਦੌਰਾਨ ਗਰਭਪਾਤ ਕਰਨ ਵਾਲਾ ਸਾਜੋ-ਸਾਮਾਨ ਅਤੇ ਵੱਡੀ ਮਾਤਰਾ ਵਿੱਚ ਦਵਾਈਆਂ ਬਰਾਮਦ ਕੀਤੀਆਂ ਗਈਆਂ।

ਬੰਗਲਾਦੇਸੀਆਂ ਦੀ ਗੈਰ-ਕਾਨੂੰਨੀ ਘੁਸਪੈਠ ਕਰਵਾਉਣ ਵਾਲੇ 11 ਵਿਅਕਤੀ ਗ੍ਰਿਫਤਾਰ

ਨਵੀਂ ਦਿੱਲੀ, 27 ਦਸੰਬਰ। ਦਿੱਲੀ ਪੁਲਸ ਨੇ ਬੰਗਲਾਦੇਸੀ ਨਾਗਰਿਕਾਂ ਦੀ ਗੈਰ-ਕਾਨੂੰਨੀ ਘੁਸਪੈਠ ਕਰਵਾਉਣ 'ਚ ਸਾਮਲ ਇਕ ਗਿਰੋਹ ਦਾ ਪਰਦਾਫਾਸ ਕਰਨ ਦਾ ਦਾਅਵਾ ਕਰਦੇ ਹੋਏ ਮੰਗਲਵਾਰ 11 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ। ਇਕ ਅਧਿਕਾਰੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ 11 ਵਿਅਕਤੀਆਂ 'ਚੋਂ 4 ਬੰਗਲਾਦੇਸੀ ਨਾਗਰਿਕ ਹਨ। ਉਹ ਕਥਿਤ ਤੌਰ 'ਤੇ ਜਾਅਲੀ ਦਸਤਾਵੇਜ ਬਣਾਉਣ 'ਚ ਸਾਮਲ ਪਾਏ ਗਏ ਹਨ। ਪੁਲਸ ਦੇ ਡਿਪਟੀ ਕਮਿਸਨਰ (ਦੱਖਣੀ) ਅੰਕਿਤ ਚੌਹਾਨ ਨੇ ਕਿਹਾ ਕਿ ਸਾਡੀ ਟੀਮ ਨੇ 21 ਅਕਤੂਬਰ ਨੂੰ ਸੰਗਮ ਵਿਹਾਰ 'ਚ ਹੋਏ ਕਤਲ ਦੇ ਇਕ ਮਾਮਲੇ 'ਚ 4 ਵਿਅਕਤੀਆਂ ਦਾ ਪਤਾ ਲਾਇਆ, ਜਿਸ ਤੋਂ ਬਾਅਦ ਗਿਰੋਹ ਦਾ ਪਤਾ ਲੱਗਾ। ਬੰਗਲਾਦੇਸੀ ਨਾਗਰਿਕਾਂ ਮਿਦੁਲ ਮੀਆਂ ਉਰਫ ਆਕਾਸ ਅਹਿਮਦ ਤੇ ਫਰਦੀਨ ਅਹਿਮਦ ਉਰਫ ਅਭੀ ਅਹਿਮਦ ਨੂੰ ਸੈਂਟੂ ਸੇਖ ਉਰਫ ਰਾਜਾ ਦੀ ਹੱਤਿਆ ਦੇ ਮਾਮਲੇ 'ਚ ਉਨ੍ਹਾਂ ਦੀਆਂ ਪਤਨੀਆਂ ਸਮੇਤ ਗ੍ਰਿਫਤਾਰ ਕੀਤਾ

ਗਿਆ ਸੀ। ਪੁੱਛਗਿੱਛ ਦੌਰਾਨ ਮੁਲਜਮਾਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਗੁਆਂਢ 'ਚ ਰਹਿਣ ਵਾਲਾ ਸੈਂਟੂ ਉਨ੍ਹਾਂ ਨੂੰ ਛੋਟੀਆਂ-ਛੋਟੀਆਂ ਗੱਲਾਂ 'ਤੇ ਧਮਕੀਆਂ ਦਿੰਦਾ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਮੁਲਜਮ ਗੈਰ-ਕਾਨੂੰਨੀ ਢੰਗ ਨਾਲ ਭਾਰਤ 'ਚ ਦਾਖਲ ਹੋਏ ਸਨ ਤੇ ਕਈ ਸਾਲਾਂ ਤੋਂ ਸੰਗਮ ਵਿਹਾਰ 'ਚ ਰਹਿ ਰਹੇ ਸਨ। ਪੀੜਤ ਦੇ ਘਰੋਂ ਕਰੀਬ 21 ਆਧਾਰ ਕਾਰਡ, 4 ਵੋਟਰ ਆਈ. ਡੀ. ਕਾਰਡ ਤੇ 8 ਪੈਨ ਕਾਰਡ ਵੀ ਬਰਾਮਦ ਹੋਏ ਹਨ। ਚੌਹਾਨ ਨੇ ਦੱਸਿਆ ਕਿ ਜਾਂਚ ਲਈ ਨਵੀਂ ਟੀਮ ਬਣਾਈ ਗਈ ਸੀ ਜਿਸ ਨੇ ਪੂਰੇ ਮਾਮਲੇ ਦਾ ਪਰਦਾਫਾਸ ਕੀਤਾ।

ਬੱਚਿਆਂ ਨੂੰ ਅਗਵਾ ਕਰ ਕੇ ਵੇਚਣ ਵਾਲੀਆਂ 2 ਔਰਤਾਂ ਗ੍ਰਿਫਤਾਰ, ਢਾਈ ਮਹੀਨੇ ਦਾ ਮਾਸੂਮ ਵੀ ਮਿਲਿਆ

ਮੋਹਾਲੀ 27 ਦਸੰਬਰ। ਭੀਖ ਮੰਗਣ ਦਾ ਕੰਮ ਕਰਵਾਉਣ ਲਈ ਬੱਚਿਆਂ ਨੂੰ ਅਗਵਾ ਕਰ ਕੇ ਵੇਚਣ ਤੇ ਖਰੀਦਣ ਵਾਲੀਆਂ ਦੋ ਔਰਤਾਂ ਨੂੰ ਬਲੌਂਗੀ ਥਾਣਾ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੀ ਪਛਾਣ ਅੰਬਾਲਾ ਨਿਵਾਸੀ ਸੁਰਿੰਦਰ ਕੌਰ ਤੇ ਜ਼ੀਰਕਪੁਰ ਨਿਵਾਸੀ ਦਰਸ਼ਨਾ ਰਾਣੀ ਵਜੋਂ ਹੋਈ ਹੈ। ਪੁਲਸ ਨੇ ਅਪਰਾਧਿਕ ਧਾਰਾਵਾਂ ਤਹਿਤ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਉਨ੍ਹਾਂ ਕਲੋਂ ਢਾਈ ਮਹੀਨੇ ਦਾ ਮਾਸੂਮ ਵੀ ਬਰਾਮਦ ਕੀਤਾ ਗਿਆ ਹੈ। ਪੁਲਸ ਨੇ ਮੁਲਜ਼ਮ ਔਰਤਾਂ ਨੂੰ ਜ਼ਿਲਾ ਅਦਾਲਤ ਵਿਚ ਪੇਸ਼ ਕਰ ਕੇ ਜਾਂਚ ਦਾ ਹਵਾਲਾ ਦੇ ਕੇ ਰਿਮਾਂਡ ਦੀ ਮੰਗ ਕੀਤੀ। ਅਦਾਲਤ ਨੇ ਸੁਣਵਾਈ ਤੋਂ ਬਾਅਦ ਦੋਵਾਂ ਔਰਤਾਂ ਨੂੰ 3 ਦਿਨਾਂ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ। ਪੁਲਸ ਜਾਂਚ ਵਿਚ ਜੁਟ ਗਈ ਹੈ ਕਿ ਮੁਲਜ਼ਮ ਔਰਤਾਂ ਹੁਣ



ਤਕ ਕਿੰਨੇ ਮਾਸੂਮ ਬੱਚਿਆਂ ਨੂੰ ਖਰੀਦ ਕੇ ਵੇਚ ਚੁੱਕੀਆਂ ਹਨ। ਉਨ੍ਹਾਂ ਅਜੇ ਤਕ ਕਿੰਨੇ ਬੱਚਿਆ ਨੂੰ ਅਗਵਾ ਕੀਤਾ ਹੈ, ਇਸ ਸਬੰਧੀ ਜਾਂਚ ਕੀਤੀ ਜਾਵੇਗੀ। ਬਲੌਂਗੀ ਥਾਣਾ ਇੰਚਾਰਜ ਗੌਰਵ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਇਲਾਕੇ ਵਿਚ ਬੱਚਿਆਂ ਨੂੰ ਅਗਵਾ ਕਰ ਕੇ ਵੇਚਣ ਤੇ ਖਰੀਦਣ ਵਾਲੀਆਂ ਦੋ ਔਰਤਾਂ ਘੁੰਮ ਰਹੀਆਂ ਹਨ। ਔਰਤਾਂ ਬੱਚਿਆਂ ਨੂੰ ਭੀਖ ਮੰਗਣ ਲਈ ਵੇਚਣ-ਖਰੀਦਣ ਤੇ ਅਗਵਾ ਕਰਨ ਦਾ ਕੰਮ ਕਰਦੀਆਂ ਹਨ। ਸੂਚਨਾ ਦੇ ਆਧਾਰ 'ਤੇ ਪੁਲਸ ਨੇ ਇਲਾਕੇ ਵਿਚ ਦੋ ਔਰਤਾਂ ਨੂੰ ਕਾਬੂ ਕੀਤਾ। ਪੁਲਸ ਨੂੰ ਢਾਈ ਮਹੀਨੇ ਦਾ ਮਾਸੂਮ ਬੱਚਾ ਵੀ ਮਿਲਿਆ ਹੈ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਕਿ ਇਹ ਬੱਚਾ ਜਲੰਧਰ ਤੋਂ ਖਰੀਦਿਆ ਗਿਆ ਹੈ ਤੇ ਇਹ ਔਰਤਾਂ ਉਸੇ ਮਾਸੂਮ ਨੂੰ ਵੇਚਣ ਦੀ ਫਿਰਾਕ ਵਿਚ ਘੁੰਮ ਰਹੀਆਂ ਸਨ।

ਸੇਅਰ ਬਾਜਾਰ 'ਚ ਟੁੱਟੇ ਕਮਾਈ ਦੇ ਰਿਕਾਰਡ, ਨਿਵੇਸਕਾਂ ਨੇ ਸਿਰਫ 11 ਦਿਨਾਂ 'ਚ ਕਮਾਏ 22 ਲੱਖ ਕਰੋੜ ਰੁਪਏ

ਬਿਜਨੈੱਸ ਡੈਸਕ 27 ਦਸੰਬਰ। ਸੇਅਰ ਬਾਜਾਰ ਦੇ ਨਿਵੇਸਕਾਂ ਲਈ ਹੁਣ ਤੱਕ ਦਸੰਬਰ ਦਾ ਮਹੀਨਾ ਕਾਫੀ ਚੰਗਾ ਰਿਹਾ ਹੈ। ਨਿਵੇਸਕਾਂ ਨੇ ਦਸੰਬਰ 'ਚ ਹੁਣ ਤੱਕ 22 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਕੀਤੀ ਹੈ। ਸਿਰਫ 11 ਕਾਰੋਬਾਰੀ ਦਿਨਾਂ 'ਚ ਬਾਜਾਰ ਨੇ ਲੋਕਾਂ ਨੂੰ ਭਾਰੀ ਮੁਨਾਫਾ ਕਮਾਇਆ ਹੈ। ਮਜਬੂਤ ਗਲੋਬਲ ਸੰਕੇਤਾਂ, ਤਿੰਨ ਸੂਬਿਆਂ 'ਚ ਭਾਜਪਾ ਦੀ ਜਿੱਤ ਅਤੇ ਕੱਚੇ ਤੇਲ ਦੀਆਂ ਕੀਮਤਾਂ 'ਚ ਨਰਮੀ ਕਾਰਨ ਬਾਜਾਰ ਹਰ ਰੋਜ ਨਵੇਂ ਰਿਕਾਰਡ ਬਣਾ ਰਿਹਾ ਹੈ। ਅੱਜ ਯਾਨੀ ਸ਼ੁੱਕਰਵਾਰ, 17 ਦਸੰਬਰ ਨੂੰ ਸੈਂਸੈਕਸ ਅਤੇ ਨਿਫਟੀ ਦੋਵੇਂ ਆਪਣੇ ਨਵੇਂ ਸਰਵਕਾਲੀ ਉੱਚ ਪੱਧਰ 'ਤੇ ਬੰਦ ਹੋਏ। ਸੈਂਸੈਕਸ ਨੇ ਪਹਿਲੀ ਵਾਰ 71,000 ਦੇ ਪੱਧਰ ਨੂੰ ਪਾਰ ਕੀਤਾ। ਇਸ ਕਾਰਨ ਸੁਰੂਆਤੀ ਵਪਾਰ 'ਚ ਨਿਵੇਸਕਾਂ ਦੀ ਦੌਲਤ 'ਚ 2 ਲੱਖ ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਬੀਐੱਸਈ 'ਤੇ ਸੂਚੀਬੱਧ ਕੰਪਨੀਆਂ ਦੀ ਕੁੱਲ ਮਾਰਕੀਟ ਕੈਪ 30 ਨਵੰਬਰ ਨੂੰ ਵਪਾਰ ਦੇ ਅੰਤ 'ਤੇ 335.60 ਲੱਖ ਕਰੋੜ ਰੁਪਏ ਸੀ, ਜੋ ਅੱਜ 17 ਦਸੰਬਰ ਨੂੰ ਵਧ ਕੇ 357.85 ਲੱਖ ਕਰੋੜ ਰੁਪਏ ਹੋ ਗਈ ਹੈ। ਇਸ ਤਰ੍ਹਾਂ ਦਸੰਬਰ

ਮਹੀਨੇ 'ਚ ਹੁਣ ਤੱਕ ਨਿਵੇਸਕਾਂ ਦੀ ਦੌਲਤ 'ਚ ਕਰੀਬ 22.25 ਲੱਖ ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਅੱਜ ਕਾਰੋਬਾਰ ਦੇ ਅੰਤ ਵਿੱਚ ਦਾ 30 ਸੇਅਰਾਂ ਵਾਲਾ ਸੂਚਕ ਅੰਕ ਸੈਂਸੈਕਸ 969.55 ਅੰਕ ਜਾਂ 1.37 ਫੀਸਦੀ ਦੇ ਵਾਧੇ ਨਾਲ 71,483.75 ਅੰਕ 'ਤੇ ਬੰਦ ਹੋਇਆ। ਇਸ ਦੌਰਾਨ ਦਾ 50 ਸੇਅਰਾਂ ਵਾਲਾ ਸੂਚਕ ਅੰਕ ਨਿਫਟੀ 273.95 ਅੰਕ ਜਾਂ 1.29 ਫੀਸਦੀ ਦੇ ਵਾਧੇ ਨਾਲ 21,456.65 ਦੇ ਪੱਧਰ 'ਤੇ ਬੰਦ ਹੋਇਆ। ਸੈਂਸੈਕਸ ਦੇ 30 ਵਿੱਚੋਂ 24 ਸ਼ੇਅਰ ਅੱਜ ਵਾਧੇ ਨਾਲ ਬੰਦ ਹੋਏ। ਇਸ 'ਚ ਵੀ ਟੈਕ ਦੇ ਸੇਅਰਾਂ 'ਚ ਸਭ ਤੋਂ ਜ਼ਿਆਦਾ 5.58 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਜਦੋਂ ਕਿ ਟਾਟਾ ਕੰਸਲਟੈਂਸੀ ਸਰਵਿਸਿਜ (ਟੀਸੀਐੱਸ), ਇਨਫੋਸਿਸ, ਸਟੇਟ ਬੈਂਕ ਆਫ ਇੰਡੀਆ (ਐੱਸਬੀਆਈ) ਅਤੇ ਟੈਕ ਮਹਿੰਦਰਾ ਦੇ ਸੇਅਰ 3.44 ਫੀਸਦੀ ਤੋਂ 5.28 ਫੀਸਦੀ ਤੱਕ ਦੇ ਵਾਧੇ ਨਾਲ ਬੰਦ ਹੋਏ। ਸੈਂਸੈਕਸ ਦੇ ਸਿਰਫ 6 ਸੇਅਰ ਅੱਜ ਗਿਰਾਵਟ ਨਾਲ ਬੰਦ ਹੋਏ। ਇਸ 'ਚ ਨੈਸਲੇ ਇੰਡੀਆ ਦਾ ਸੇਅਰ 1.75 ਫੀਸਦੀ ਦੀ ਗਿਰਾਵਟ ਨਾਲ ਟਾਪ ਹਾਰਨ ਵਾਲਾ ਸ਼ੇਅਰ ਰਿਹਾ। ਉਥੇ ਹੀ, ਨੇਸਲੇ ਇੰਡੀਆ, ਟਾਈਟਨ, ਜੇਐੱਸਡਬਲਯੂ ਸਟੀਲ ਅਤੇ ਮਾਰੂਤੀ ਸੁਜੂਕੀ ਦੇ ਸੇਅਰ 0.18 ਫੀਸਦੀ ਤੋਂ 1.30 ਫੀਸਦੀ ਦੀ ਗਿਰਾਵਟ ਦੇ ਨਾਲ ਲਾਲ ਨਿਸਾਨ 'ਤੇ ਬੰਦ ਹੋਏ।

ਫੋਟੋ ਫ੍ਰੇਮ ਦੀ ਦੁਕਾਨ 'ਚ ਲੱਗੀ ਭਿਆਨਕ ਅੱਗ, ਲੱਖਾਂ ਦਾ ਸਾਮਾਨ ਸੜ ਕੇ ਸੁਆਹ

ਰੂਪਨਗਰ 27 ਦਸੰਬਰ। ਰੂਪਨਗਰ 'ਚ ਇਕ ਦੁਕਾਨ ਨੂੰ ਭਿਆਨਕ ਅੱਗ ਲੱਗਣ ਦੀ ਸੂਚਨਾ ਮਿਲੀ ਹੈ। ਇਸ ਹਾਦਸੇ ਵਿਚ ਦੁਕਾਨ 'ਚ ਪਿਆ ਲੱਖਾਂ ਰੁਪਏ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ। ਸ਼ਹਿਰ 'ਚ ਗੁਰਦੁਆਰਾ ਸਿੰਘ ਸਭਾ ਦੇ ਨਜਦੀਕ ਕੋਮਲ ਫੋਟੋ ਫ੍ਰੇਮ ਨਾਮ ਦੀ ਦੁਕਾਨ 'ਤੇ ਰਾਤ ਸਾਢੇ ਨੌ ਵਜੇ ਦੇ ਕਰੀਬ ਅੱਗ ਦੀ ਘਟਨਾ ਵਾਪਰੀ ਅਤੇ ਅੱਗ

ਦੀ ਲਪਟਾਂ ਵੇਖ ਕੇ ਨਜਦੀਕੀ ਇਲਾਕੇ ਵਿਚ ਰਹਿੰਦੇ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ। ਦੁਕਾਨ ਦੇ ਮਾਲਕ ਹਰਭਜਨ ਸਿੰਘ ਨੇ ਦੱਸਿਆ ਕਿ ਉਹ ਬੀਤੀ ਰਾਤ ਦੁਕਾਨ ਬੰਦ ਕਰਕੇ ਘਰ ਗਿਆ ਹੀ ਸੀ ਕਿ ਉਸ ਨੂੰ ਕਿਸੇ ਨੇ ਫੋਨ 'ਤੇ ਹੀ ਦੁਕਾਨ ਨੂੰ ਅੱਗ ਲੱਗਣ ਦੀ ਸੂਚਨਾ ਦਿੱਤੀ ਪਰ ਜਦੋਂ ਉਸ ਨੇ ਦੁਕਾਨ 'ਤੇ ਤੁਰੰਤ ਜਾ ਕੇ ਵੇਖਿਆ ਤਾਂ ਅੱਗ ਨੇ ਦੁਕਾਨ ਨੂੰ ਪੂਰੀ ਤਰ੍ਹਾਂ ਨਾਲ ਲਪੇਟ ਵਿਚ ਲਿਆ ਹੋਇਆ ਸੀ ਅਤੇ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ। ਘਟਨਾ ਹੋਣ 'ਤੇ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ ਗਿਆ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੁਆ

ਜਲੰਧਰ 'ਚ ਮੇਅਰ ਦੀ ਚੋਣ ਨੂੰ ਲੈ ਕੇ ਹਾਈਵੋਲਟੇਜ ਡਰਾਮਾ, ਹਿਰਾਸਤ 'ਚ ਲਿਆ ਵੱਡਾ ਕਾਂਗਰਸੀ ਆਗੂ

ਜਲੰਧਰ 27 ਦਸੰਬਰ। ਜਲੰਧਰ 'ਚ ਮੇਅਰ ਦੀ ਚੋਣ ਨੂੰ ਲੈ ਕੇ ਅੱਜ ਹਾਈਵੋਲਟੇਜ ਡਰਾਮਾ ਵੇਖਣ ਨੂੰ ਮਿਲਿਆ। ਬਹੁਮਤ ਦੇ ਅੰਕੜੇ ਨੇੜੇ ਪਹੁੰਚਣ ਲਈ 'ਆਪ' ਵੱਲੋਂ ਜਿੱਥੇ ਹੋਰਾਂ ਪਾਰਟੀਆਂ ਦੇ ਜੇਤੂ ਕੌਂਸਲਰਾਂ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਨਾ ਲਗਾਤਾਰ ਜਾਰੀ ਹੈ, ਉਥੇ ਹੀ ਅੱਜ ਵਾਰਡ ਨੰਬਰ- 47 ਵਿਚ ਕਾਂਗਰਸ ਦੀ ਕੌਂਸਲਰ ਦੇ ਘਰ ਬਾਹਰ ਕਾਂਗਰਸ ਦੇ ਵੱਡੇ ਆਗੂ ਅਤੇ ਸਾਬਕਾ ਵਿਧਾਇਕ ਰਾਜਿੰਦਰ ਬੇਰੀ ਵੱਲੋਂ ਸਮਰਥਕਾਂ ਨਾਲ ਧਰਨਾ ਦਿੱਤਾ ਗਿਆ। ਕੌਂਸਲਰ 'ਤੇ ਦੋਸ਼ ਹਨ ਕਿ ਕੌਂਸਲਰ ਲੋਕਾਂ ਨਾਲ ਧੋਖਾ ਕਰਕੇ 'ਆਪ' ਵਿਚ ਸ਼ਾਮਲ ਹੋ ਗਈ ਹੈ, ਉਥੇ ਹੀ ਦੂਜੇ ਪਾਸੇ ਮੌਕੇ ਉਤੇ ਪਹੁੰਚੀ ਪੁਲਸ ਨੇ ਬੇਰੀ ਅਤੇ ਉਸ ਦੇ ਸਮਰਥਕਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਹਿਰਾਸਤ ਵਿਚ ਲਏ ਗਏ ਕਾਂਗਰਸੀ ਆਗੂਆਂ ਨੂੰ ਜਲੰਧਰ ਕਮਿਸ਼ਨਰੇਟ ਪੁਲਸ ਭਾਰਗੋਂ ਕੈਂਪ ਥਾਣੇ ਵਿਚ ਲੈ ਗਈ ਹੈ। ਥਾਣੇ ਪਹੁੰਚਣ 'ਤੇ ਵੀ ਕਾਂਗਰਸੀ ਆਗੂਆਈਂ ਵੱਲੋਂ ਜਬਰਦਸਤ ਹੰਗਾਮਾ ਕੀਤਾ ਗਿਆ ਅਤੇ ਨਾਅਰੇਬਾਜੀ ਕੀਤੀ ਗਈ। ਹਾਲਾਂਕਿ ਪੁਲਸ ਨੇ ਕੁਝ ਦੇਰ ਬਾਅਦ ਸਾਰਿਆਂ ਨੂੰ ਛੱਡ ਦਿੱਤਾ। ਦੱਸ ਦੇਈਏ ਕਿ ਵਾਰਡ ਨੰਬਰ 47 ਵਿਚ ਕਾਂਗਰਸ ਦੀ ਟਿਕਟ 'ਤੇ ਕੌਂਸਲਰ ਬਣੀ ਮਨਮੀਤ ਕੌਰ 'ਆਪ' ਵਿਚ ਸ਼ਾਮਲ ਹੋ ਗਈ ਹੈ, ਜਿਸ ਦੇ ਵਿਰੋਧ ਵਿਚ ਅੱਜ ਜਿ?ਲ੍ਹਾ ਕਾਂਗਰਸ ਕਮੇਟੀ ਵੱਲੋਂ ਮਨਮੀਤ ਕੌਰ ਦੇ ਅਵਾਤਰ ਨਗਰ ਸਥਿਤ ਘਰ ਦੇ ਬਾਹਰ ਧਰਨਾ ਲਗਾਇਆ ਗਿਆ ਸੀ।

ਕੈਨੇਡਾ 'ਚ ਨੀਤੀਗਤ ਤਬਦੀਲੀਆਂ ਨਾਲ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ ਕੌਮਾਂਤਰੀ ਵਿਦਿਆਰਥੀ

ਜਲੰਧਰ 27 ਦਸੰਬਰ। ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ ਲਈ ਨਿੱਤ ਨਵੇਂ ਨਿਯਮਾਂ ਦਾ ਐਲਾਨ ਮੁਸੀਬਤ ਬਣ ਗਿਆ ਹੈ। ਸਟੱਡੀ ਪਰਮਿਟਾਂ ਦੀ ਗਿਣਤੀ ਵਿਚ ਕਮੀ ਅਤੇ ਵਰਕ ਪਰਮਿਟਾਂ ਦੇ ਨਵੇਂ ਨਿਯਮ ਉਨ੍ਹਾਂ ਨੂੰ ਬੇਰੁਜਗਾਰੀ ਵੱਲ ਧੱਕ ਰਹੇ ਹਨ, ਜਿਸ ਕਾਰਨ ਉਹ ਡਿਪ੍ਰੈਸ਼ਨ ਦਾ ਸ?ਿਕਾਰ ਹੋ ਰਹੇ ਹਨ। ਇਕ ਮੀਡੀਆ ਰਿਪੋਰਟ ਮੁਤਾਬਕ ਕੌਮਾਂਤਰੀ ਵਿਦਿਆਰਥੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਕੈਨੇਡਾ ਵਿਚ ਨੀਤੀਗਤ ਤਬਦੀਲੀਆਂ ਨੇ ਉਨ੍ਹਾਂ ਦੀ ਮਾਨਸਿਕ ਸਿਹਤ 'ਤੇ ਮਾੜਾ ਅਸਰ ਪਾਇਆ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਨੂੰ ਪਹਿਲਾਂ ਤੋਂ ਮੌਜੂਦ ਰਾਸਟਰੀ ਮੁੱਦਿਆਂ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਸਹੂਲਤਾਂ ਵਿਚ ਕਟੌਤੀ ਕੀਤੀ ਜਾ ਰਹੀ ਹੈ। ਕੈਨੇਡਾ ਵਿਚ ਰਿਹਾਇਸੀ ਕਿਰਾਇਆ ਵਿਚ ਵਾਧੇ ਤੇ ਮਹਿੰਗਾਈ ਲਈ ਕੌਮਾਂਤਰੀ ਵਿਦਿਰਥੀਆਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ, ਜਦਕਿ ਅਸਲੀਅਤ ਇਹ ਹੈ ਕਿ ਇਹ ਸਮੱਸਿਆ ਬਹੁਤ ਪੁਰਾਣੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਾਟਰਲੂ ਯੂਨੀਵਰਸਿਟੀ ਵੱਲੋਂ ਹਾਲ ਹੀ ਵਿਚ ਕੀਤੇ ਗਏ ਇਕ ਤਾਜਾ ਅਧਿਐਨ ਮੁਤਾਬਕ, ਕੌਮਾਂਤਰੀ ਵਿਦਿਆਰਥੀਆਂ ਨੂੰ ਚੰਗੀ ਰਿਹਾਇਸ ਲੱਭਣ ਵਿਚ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਨਾਲ ਹੀ ਨਾਲ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਵੱਖ-ਵੱਖ ਬਦਲ ਨਹੀਂ ਹੁੰਦੇ ਹਨ। ਨੀਤੀਗਤ ਤਬਦੀਲੀਆਂ ਕਾਰਨ ਬੇਯਕੀਨੀ

ਕੌਮਾਂਤਰੀ ਵਿਦਿਆਰਥੀਆਂ 'ਤੇ ਵੀ ਭਾਰੀ ਪੈ ਰਹੀ ਹੈ। ਰਿਪੋਰਟ ਮੁਤਾਬਕ ਵਧਦੀ ਅਪ੍ਰਵਾਸ ਵਿਰੋਧੀ ਬਿਆਨਬਾਜੀ ਦੀਆਂ ਖਬਰਾਂ ਵਿਚਾਲੇ ਇਕ ਲੋਕਪ੍ਰਿਯ ਅਧਿਐਨ ਸਥਾਨ ਵਜੋਂ ਕੈਨੇਡਾ ਦੀ ਸਾਖ ਵੀ ਦਾਅ 'ਤੇ ਲੱਗੀ ਹੋਈ ਹੈ। ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀ ਭਾਈਚਾਰੇ ਦੇ ਕਈ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ। ਦੱਸਦੇ ਹਨ ਕਿ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਹੋਰ ਘੱਟ ਕਰਨ ਦੀ ਯੋਜਨਾ ਦੇ ਐਲਾਨ ਤੋਂ ਪਹਿਲਾਂ ਹੀ ਕਈ ਰਿਪੋਰਟਾਂ ਨੇ ਸੁਝਾਅ ਦਿੱਤਾ ਸੀ ਕਿ 2024 ਦੇ ਅਖੀਰ ਤੱਕ ਕੈਨੇਡਾ ਵਿਚ ਅਧਿਐਨ ਪਰਮਿਟ ਬਿਨੈਕਾਰਾਂ ਵਿਚ 50 ਫੀਸਦੀ ਤੋਂ ਵੱਧ ਦੀ ਗਿਰਾਵਟ ਆਏਗੀ। ਹੰਬਰ ਕਾਲਜ ਦੀ ਇਕ ਭਾਰਤੀ ਵਿਦਿਆਰਥਣ ਦੇ ਹਵਾਲੇ ਨਾਲ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਜਿਹੇ ਨਿਯਮਾਂ ਦਾ ਐਲਾਨ ਹਰ ਰੋਜ ਕੀਤਾ ਜਾ ਰਿਹਾ ਹੈ ਅਤੇ ਸਾਨੂੰ ਨਹੀਂ ਪਤਾ ਕਿ ਅਗਲੇ ਹਫਤੇ ਕੀ ਹੋਵੇਗਾ। ਕੈਨੇਡਾ ਵਿਚ ਸਾਡੇ ਭਵਿੱਖ ਬਾਰੇ ਬਹੁਤ ਸਾਰੀਆਂ ਬੇਯਕੀਨੀਆਂ ਹਨ। ਉਹ ਦੱਸਦੀ ਹੈ ਕਿ ਹਾਲਾਂਕਿ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 'ਤੇ ਹਾਲ ਹੀ ਵਿਚ ਐਲਾਨ ਕੀਤੀ ਗਈ ਘੱਟ ਸੀਮਾ ਸਿਰਫ ਅਗਲੇ ਸਾਲ ਦੇ ਦਾਖਲੇ 'ਤੇ ਲਾਗੂ ਹੋਵੇਗੀ, ਕੰਮ ਦੇ ਘੰਟਿਆਂ ਦੀਆਂ ਸੀਮਾਵਾਂ ਅਤੇ ਰਹਿਣ-ਸਹਿਣ ਦੀਆਂ ਵਧੀਆਂ ਕੀਮਤਾਂ ਨੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਜ਼ਿਆਦਾ ਕਿਰਾਏ ਅਤੇ ਮਹਿੰਗੇ ਕਰਿਆਨੇ ਦੇ ਸਾਮਾਨ ਦੇ ਨਾਲ-ਨਾਲ ਸਭ ਕੁਝ ਬਹੁਤ ਮਹਿੰਗਾ ਹੋ ਰਿਹਾ ਹੈ। ਇੰਨਾ ਹੀ ਨਹੀਂ ਕੈਨੇਡਾ ਵਿਚ ਲੇਬਰ ਮਾਰਕੀਟ ਵਿਚ ਕਮੀ ਕਾਰਨ ਕੌਮਾਂਤਰੀ ਵਿਦਿਆਰਥੀਆਂ ਉੱਤੇ ਵੀ ਬੇਰੁਜਗਾਰੀ ਦਾ ਅਸਰ ਪੈ ਰਿਹਾ ਹੈ।

ਮੰਤਰੀ ਅਮਨ ਅਰੋੜਾ ਦੀ ਅਗਵਾਈ 'ਚ ਪਾਰਟੀ ਆਗੂਆਂ ਨੇ ਕੇਜਰੀਵਾਲ ਤੇ ਸੰਦੀਪ ਪਾਠਕ ਨਾਲ ਕੀਤੀ ਮੁਲਾਕਾਤ

ਜਲੰਧਰ 27 ਦਸੰਬਰ। ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਕੈਬਿਨਟ ਮੰਤਰੀ ਅਮਨ ਅਰੋੜਾ ਅਤੇ ਕਾਰਜਕਾਰੀ ਪ੍ਰਧਾਨ ਸੈਰੀ ਕਲਸੀ ਦੀ ਅਗਵਾਈ ਹੇਠ ਪਾਰਟੀ ਆਗੂਆਂ ਨੇ ਦਿੱਲੀ ਵਿਖੇ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੇ ਕੌਮੀ ਸੰਗਠਨ ਜਨਰਲ ਸਕੱਤਰ ਡਾ. ਸੰਦੀਪ ਪਾਠਕ ਨਾਲ ਮੁਲਾਕਾਤ ਕੀਤੀ . ਇਸ ਦੌਰਾਨ ਅਮਨ ਅਰੋੜਾ ਵਲੋਂ ਕੇਜਰੀਵਾਲ ਨੂੰ ਪੰਜਾਬ ਵਿਚ ਹੋਈਆਂ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਕੇਜਰੀਵਾਲ ਨੂੰ ਕਿਹਾ ਕਿ ਸਹਿਰਾਂ ਵਿਚ ਆਮ ਆਦਮੀ ਪਾਰਟੀ ਦੀ ਕਾਰਗੁਜਾਰੀ ਸਾਨਦਾਰ ਰਹੀ ਹੈ। ਉਨ੍ਹਾਂ ਕਿਹਾ ਕਿ ਇਕੱਲੀ ਆਮ ਆਦਮੀ ਪਾਰਟੀ ਨੇ 55 ਫੀਸਦੀ ਵਾਰਡਾਂ 'ਚ ਜਿੱਤ ਹਾਸਲ ਕੀਤੀ ਹੈ, ਜੋ ਆਪਣੇ-ਆਪ 'ਚ ਵੱਡੀ ਪ੍ਰਾਪਤੀ ਹੈ . ਇਸ ਮੌਕੇ ਆਮ ਆਦਮੀ ਪਾਰਟੀ ਨੂੰ ਇਕ ਵਾਰ ਫਿਰ ਫਤਵਾ ਦੇਣ ਲਈ ਪੰਜਾਬ ਅਤੇ ਪੰਜਾਬੀਆਂ ਦਾ ਧੰਨਵਾਦ ਕਰਦੇ ਹੋਏ ਕੇਜਰੀਵਾਲ ਨੇ ਚੁਣੇ ਹੋਏ ਲੋਕਾਂ ਨੂੰ ਕਿਹਾ ਕਿ ਉਹ ਆਪੋ-ਆਪਣੇ ਖੇਤਰਾਂ ਵਿਚ ਵਿਕਾਸ ਵੱਲ ਧਿਆਨ ਦੇਣ ਅਤੇ ਜਨਤਾ ਨਾਲ ਕੀਤੇ ਵਾਅਦੇ ਪੂਰੇ ਕਰਨ।

ਸਵਾਰੀਆਂ ਨਾਲ ਭਰੀ ਪੰਜਾਬ ਰੋਡਵੇਜ ਬੱਸ 'ਚ ਵੱਜਾ ਟਰੱਕ , ਨੈਸ਼ਨਲ ਹਾਈਵੇਅ 'ਤੇ ਵੱਡਾ ਹਾਦਸਾ

ਨਾਹਨ 27 ਦਸੰਬਰ। ਥਾਣਾ ਕਾਲਾ ਅੰਬ ਅਧੀਨ ਨੈਸਨਲ ਹਾਈਵੇ-07 'ਤੇ ਅੰਬਵਾਲਾ ਨੇੜੇ ਪੰਜਾਬ ਰੋਡਵੇਜ ਅਤੇ ਟਰੱਕ ਵਿਚਾਲੇ ਜਬਰਦਸਤ ਟੱਕਰ ਹੋ ਗਈ। ਇਸ ਹਾਦਸੇ ਵਿੱਚ ਤਿੰਨ ਵਿਅਕਤੀ ਜਖਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਜਖਮੀਆਂ ਵਿੱਚ ਦੋਵੇਂ ਵਾਹਨਾਂ ਦੇ ਡਰਾਈਵਰ ਅਤੇ ਬੱਸ ਦੇ ਕੰਡਕਟਰ ਸਾਮਲ ਹਨ, ਜਦਕਿ ਬੱਸ ਵਿੱਚ ਸਵਾਰ ਯਾਤਰੀ ਸੁਰੱਖਿਅਤ ਹਨ। ਟੱਕਰ ਇੰਨੀ ਜਬਰਦਸਤ ਸੀ ਕਿ ਦੋਵੇਂ ਵਾਹਨਾਂ ਦੇ ਅਗਲੇ ਹਿੱਸੇ ਬੁਰੀ ਤਰ੍ਹਾਂ ਨੁਕਸਾਨੇ ਗਏ। ਕਾਲਾ ਅੰਬ-ਪਾਉਂਟਾ ਸਾਹਿਬ ਰੋਡ 'ਤੇ ਵਾਪਰੇ ਇਸ ਹਾਦਸੇ ਤੋਂ ਬਾਅਦ ਸੜਕ 'ਤੇ ਜਾਮ ਲੱਗ ਗਿਆ . ਹਾਈਡ੍ਰਾ ਕਰੇਨ ਦੀ ਮਦਦ ਨਾਲ ਦੋਵੇਂ ਵਾਹਨਾਂ ਨੂੰ ਸੜਕ ਕਿਨਾਰੇ ਖਿੱਚਿਆ ਗਿਆ, ਜਿਸ ਤੋਂ ਬਾਅਦ ਸੜਕ ਆਵਾਜਾਈ ਬਹਾਲ ਕਰ ਦਿੱਤੀ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ਥਾਣਾ ਕਾਲਾ ਅੰਬ ਦੀ ਟੀਮ ਮੌਕੇ 'ਤੇ ਪਹੁੰਚ ਗਈ। ਪੁਲਸ ਤੋਂ ਪ੍ਰਾਪਤ

ਜਾਣਕਾਰੀ ਅਨੁਸਾਰ ਪੰਜਾਬ ਰੋਡਵੇਜ ਦੀ ਇਹ ਬੱਸ ਪਾਉਂਟਾ ਸਾਹਿਬ ਤੋਂ ਸੰਗਰੂਰ (ਪੰਜਾਬ) ਜਾ ਰਹੀ ਸੀ, ਜਿਸ ਵਿੱਚ ਡਰਾਈਵਰ ਤੇ ਕੰਡਕਟਰ ਤੋਂ ਇਲਾਵਾ ਯਾਤਰੀ ਸਵਾਰ ਸਨ। ਇਸ ਦੌਰਾਨ ਕਾਲਾ ਅੰਬ ਤੋਂ ਆ ਰਹੇ ਇਕ ਟਰੱਕ ਅਤੇ ਬੱਸ ਵਿਚਾਲੇ ਜਬਰਦਸਤ ਟੱਕਰ ਹੋ ਗਈ। ਇਸ ਹਾਦਸੇ ਵਿੱਚ ਬੱਸ ਦੇ ਡਰਾਈਵਰ-ਕੰਡਕਟਰ ਤੋਂ ਇਲਾਵਾ ਟਰੱਕ ਦਾ ਡਰਾਈਵਰ ਜਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਮੈਡੀਕਲ ਕਾਲਜ ਨਾਹਨ ਲਿਆਂਦਾ ਗਿਆ। ਲੱਤ 'ਚ ਗੰਭੀਰ ਸੱਟਾਂ ਲੱਗਣ ਕਾਰਨ ਟਰੱਕ ਡਰਾਈਵਰ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ, ਜਦਕਿ ਬੱਸ ਡਰਾਈਵਰ ਅਤੇ ਕੰਡਕਟਰ ਨੂੰ ਇਲਾਜ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਫਿਲਹਾਲ ਪੁਲਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਹਾਦਸਾ ਕਿਸ ਡਰਾਈਵਰ ਨੇ ਕੀਤਾ। ਹਾਦਸੇ ਦੀ ਪੁਸਟੀ ਕਰਦਿਆਂ ਏ.ਐਸ.ਪੀ ਸਿਰਮੌਰ ਯੋਗੇਸ ਰੋਲਟਾ ਨੇ ਦੱਸਿਆ ਕਿ ਫਿਲਹਾਲ ਪੁਲਸ ਨੇ ਦੋਨਾਂ ਡਰਾਈਵਰਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਅਤੇ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਸ਼ਰਾਬ ਦਾ ਟੈਂਕਰ ਪਲਟਣ ਕਾਰਨ ਲੱਗੀ ਭਿਆਨਕ ਅੱਗ

ਮੁੰਬਈ 27 ਦਸੰਬਰ। ਮਹਾਰਾਸ਼ਟਰ ਦੇ ਰਾਏਗੜ੍ਹ ਜਿ?ਲ੍ਹੇ 'ਚ ਮੁੰਬਈ-ਪੁਣੇ ਹਾਈਵੇਅ ਨੇੜੇ ਤੇਜ ਰਫਤਾਰ ਸ਼ਰਾਬ ਦਾ ਟੈਂਕਰ ਪਲਟਣ ਕਾਰਨ ਭਿਆਨਕ ਅੱਗ ਲੱਗ ਗਈ। ਇਹ ਘਟਨਾ ਅੱਜ ਸਵੇਰ ਦੀ ਦੱਸੀ ਜਾ ਰਹੀ ਹੈ। ਇਸ ਘਟਨਾ ਕਾਰਨ ਸੜਕ 'ਤੇ ਦੋ ਘੰਟੇ ਆਵਾਜਾਈ ਪ੍ਰਭਾਵਿਤ ਰਹੀ। ਗਨੀਮਤ ਇਹ ਰਹੀ ਕਿ ਅੱਗ ਕਾਰਨ ਕਿਸੇ ਦੇ ਜਖਮੀ ਹੋਣ ਦੀ ਖਬਰ ਨਹੀਂ ਹੈ। ਟੈਂਕਰ ਵਿਚ ਕੱਚਾ ਅਲਕੋਹਲ ਸੀ। ਪੁਲਸ ਮੁਤਾਬਕ ਖੋਪੋਲੀ ਇਲਾਕੇ 'ਤੇ ਹਾਈਵੇਅ ਕੋਲ ਪਟੇਲ ਨਗਰ ਦੇ ਸ਼ਿਲਫਾਟਾ ਵਿਚ ਸਵੇਰੇ 6 ਵਜ ਕੇ 15 ਮਿੰਟ 'ਤੇ ਇਹ ਘਟਨਾ ਵਾਪਰੀ। ਅਧਿਕਾਰੀ ਮੁਤਾਬਕ ਤੇਜ ਰਫਤਾਰ ਨਾਲ ਜਾ ਰਿਹਾ ਟੈਂਕਰ ਡਰਾਈਵਰ ਦਾ ਵਾਹਨ ਤੋਂ ਕੰਟਰੋਲ ਗੁਆਉਣ ਕਾਰਨ ਪਲਟ ਗਿਆ। ਟੈਂਕਰ ਵਿਚ ਸ਼ਰਾਬ ਭਰੀ ਹੋਣ ਕਾਰਨ ਉਸ ਵਿਚ ਅੱਗ ਲੱਗ ਗਈ ਅਤੇ ਉਹ ਨੁਕਸਾਨਿਆ ਗਿਆ। ਅਧਿਕਾਰੀ ਨੇ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਖੋਪੋਲੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਟਾਟਾ, ਗੋਦਰੇਜ ਗਰੁੱਪ ਅਤੇ ਹੋਰ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਵੀ ਮੌਕੇ 'ਤੇ ਪਹੁੰਚ ਗਈਆਂ। ਉਨ੍ਹਾਂ ਦੱਸਿਆ ਕਿ ਕੁਝ ਸਮੇਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ। ਸਾਵਧਾਨੀ ਦੇ ਤੌਰ 'ਤੇ ਇਲਾਕੇ ਵਿਚ ਆਵਾਜਾਈ ਰੋਕ ਦਿੱਤੀ ਗਈ ਅਤੇ ਬਿਜਲੀ ਸਪਲਾਈ ਕੱਟ ਦਿੱਤੀ ਗਈ। ਖੋਪੋਲੀ ਹਾਈਵੇਅ 'ਤੇ ਇਹ ਹਾਦਸਾ ਇੰਨਾ ਭਿਆਨਕ ਸੀ ਕਿ ਅਲਕੋਹਲ ਦੇ ਰਿਸਾਵ ਕਾਰਨ ਅੱਗ ਕਾਫੀ ਵੱਡੇ ਖੇਤਰ ਵਿਚ ਫੈਲ ਗਈ। ਹਾਦਸੇ ਨੂੰ ਵੇਖਦੇ ਹੋਏ ਟ੍ਰੈਫਿਕ ਨੂੰ ਕੁਝ ਸਮੇਂ ਲਈ ਰੋਕ ਦਿੱਤਾ ਗਿਆ।

ਪਲਾਟ ਵੇਚਣ ਦੇ ਨਾਂ 'ਤੇ ਪਰਵਾਸੀ ਔਰਤ ਨਾਲ ਪੌਣੇ 3 ਲੱਖ ਦੀ ਠੱਗੀ

ਖਰੜ 27 ਦਸੰਬਰ। ਪਲਾਟ ਵੇਚਣ ਦੇ ਨਾਂ 'ਤੇ ਬਿਹਾਰ ਦੀ ਪਰਵਾਸੀ ਔਰਤ ਨਾਲ 2.75 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਖਰੜ ਸਦਰ ਪੁਲਸ ਨੇ ਪਿੰਡ ਤੋਲੇ ਮਾਜਰਾ ਵਾਸੀ ਸਤਬੀਰ ਸਿੰਘ ਖ?ਿਲਾਫ ਮਾਮਲਾ ਦਰਜ ਕੀਤਾ ਹੈ। ਐੱਸ. ਐੱਸ. ਪੀ. ਮੋਹਾਲੀ ਨੂੰ ਦਿੱਤੀ ਸ਼ਿਕਾਇਤ 'ਚ ਚੰਡੀਗੜ੍ਹ ਸੈਕਟਰ-56 ਵਾਸੀ ਮੀਨਾ ਦੇਵੀ ਨੇ ਦੱਸਿਆ ਕਿ ਉਹ ਮੋਹਾਲੀ ਦੀ ਪ੍ਰਾਈਵੇਟ ਕੰਪਨੀ 'ਚ ਨੌਕਰੀ ਕਰਦੀ ਹੈ। ਉਸ ਨਾਲ ਕੰਮ ਕਰਦੀ ਇਕ ਹੋਰ ਔਰਤ ਨੇ ਉਸ ਨੂੰ ਦੱਸਿਆ ਕਿ ਉਸ ਨੇ ਅਤੇ ਉਸ ਦੀ ਭੈਣ ਨੇ ਪਿੰਡ ਤੋਲੇ ਮਾਜਰਾ 'ਚ ਸਸਤੇ ਪਲਾਟ ਖਰੀਦੇ ਹਨ ਅਤੇ ਉੱਥੇ ਹੋਰ ਪਲਾਟ ਵੀ ਹਨ। ਜੇਕਰ ਖਰੀਦਣ ਦੀ ਇੱਛਾ ਹੋਵੇ ਤਾਂ ਪਲਾਟ ਮਾਲਕ ਨਾਲ ਗੱਲ ਕਰਵਾ ਸਕਦਾ ਹੈ। ਇਸ ਤਰ੍ਹਾਂ ਔਰਤ ਰਾਹੀਂ ਨਵੰਬਰ 2019 'ਚ ਮੀਨਾ ਦੇਵੀ ਪਲਾਟ ਮਾਲਕ ਸਤਬੀਰ ਸਿੰਘ ਨਾਲ ਮਿਲੀ। ਇਸ ਪਿੱਛੋਂ ਪਲਾਟ ਦਾ ਸੌਦਾ 2.40 ਲੱਖ ਰੁਪਏ 'ਚ ਤੈਅ ਹੋ ਗਿਆ। ਮੀਨਾ ਨੇ 1.10 ਲੱਖ ਰੁਪਏ

ਨਕਦ ਬਿਆਨੇ ਵਜੋਂ ਦੇ ਦਿੱਤੇ ਅਤੇ 2 ਸਤੰਬਰ 2020 ਨੂੰ ਰਜਿਸਟਰੀ ਕਰਵਾਉਣ ਦਾ ਸਮਾਂ ਨਿਰਧਾਰਿਤ ਕਰ ਲਿਆ। ਉਪਰੰਤ ਸ਼ਿਕਾਇਤਕਰਤਾ ਨੇ ਤਿੰਨ ਕਿਸਤਾਂ 'ਚ ਬਾਕੀ ਪੈਸਿਆਂ ਦਾ ਭੁਗਤਾਨ ਕਰ ਦਿੱਤਾ। ਦੋਸੀ ਨੇ ਰਜਿਸਟਰੀ ਖਰਚ, ਸਟੈਂਪ ਪੇਪਰ ਤੇ ਹੋਰ ਦਸਤਾਵੇਜ਼ ਬਣਾਉਣ ਲਈ 25 ਹਜਾਰ ਰੁਪਏ ਲੈ ਲਏ। ਇਸ ਦੇ ਬਾਵਜੂਦ ਢਾਈ ਸਾਲ ਲੰਘਣ 'ਤੇ ਵੀ ਰਜਿਸਟਰੀ ਨਹੀਂ ਹੋਈ ਅਤੇ ਹਰ ਵਾਰ ਨਵੀਂ ਤਾਰੀਖ 'ਤੇ ਮੁਲਜਮ ਕੋਈ ਨਾ ਕੋਈ ਬਹਾਨਾ ਬਣਾਉਂਦਾ ਰਿਹਾ। ਅਖੀਰ ਸ਼ਿਕਾਇਤਕਰਤਾ ਨੇ ਜਦੋਂ ਜਾਂਚ ਕਰਵਾਈ ਤਾਂ ਪਤਾ ਲੱਗਾ ਕਿ ਸਤਬੀਰ ਸਿੰਘ ਕੋਲ ਕੋਈ ਪਲਾਟ ਹੀ ਨਹੀਂ ਸੀ। ਇਸ ਤਰ੍ਹਾਂ ਵਿਅਕਤੀ ਨੇ ਕਰੀਬ 2.75 ਲੱਖ ਰੁਪਏ ਦੀ ਧੋਖਾਧੜੀ ਕੀਤੀ ਸੀ।

ਪਿਸਤੌਲ ਦੀ ਨੋਕ 'ਤੇ ਲੁੱਟਣ ਆਏ ਲੁਟੇਰਿਆਂ ਨੂੰ ਦੁਕਾਨਦਾਰ ਨੇ ਪੁੱਠੇ ਪੈਰੀਂ ਭਜਾਇਆ

ਬੁਢਲਾਡਾ 27 ਦਸੰਬਰ। ਪਿਸਤੌਲ ਦੀ ਨੋਕ 'ਤੇ ਲੁੱਟਣ ਆਏ ਲੁਟੇਰਿਆਂ ਨੂੰ ਦੁਕਾਨਦਾਰ ਨੇ ਮੁਸਤੈਦੀ ਨਾਲ ਨਕਾਮ ਕਰ ਦਿੱਤਾ। ਸਥਾਨਕ ਸ਼ਹਿਰ ਦੇ ਰੇ

ਪਟਿਆਲਾ ਪ੍ਰਸ਼ਾਸਨ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੂੰ ਪਲਾਸਟਿਕ ਮੁਕਤ ਜ਼ੋਨ ਘੋਸ਼ਿਤ ਕੀਤਾ

ਲੋਕ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਥਾਂ ਕੱਪੜੇ ਤੇ ਜੂਟ ਦੇ ਝੋਲੇ ਅਪਨਾਉਣ: ਡਾ. ਪ੍ਰੀਤੀ ਯਾਦਵ

ਪਟਿਆਲਾ, 27 ਦਸੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਨੂੰ ਪਲਾਸਟਿਕ ਮੁਕਤ ਜ਼ਿਲ੍ਹਾ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਦੇ ਖੇਤਰੀ ਦਫ਼ਤਰ ਨੇ ਪਟਿਆਲਾ ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਵਾਤਾਵਰਣ ਪੱਖੀ ਬੈਗ ਵੰਡਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਪਹਿਲਕਦਮੀ ਦੇ ਹਿੱਸੇ ਵਜੋਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅਧਿਕਾਰਤ ਤੌਰ 'ਤੇ ਜ਼ਿਲ੍ਹਾ ਪ੍ਰਸ਼ਾਸਨ ਕੰਪਲੈਕਸ ਨੂੰ ਪਲਾਸਟਿਕ ਮੁਕਤ ਜ਼ੋਨ ਘੋਸ਼ਿਤ ਕੀਤਾ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਕੱਪੜੇ ਤੇ ਜੂਟ ਦੇ ਬੈਗ ਜਾਰੀ ਕਰਦੇ ਹੋਏ।

ਡਿਪਟੀ ਕਮਿਸ਼ਨਰ ਨੇ ਪਲਾਸਟਿਕ ਅਤੇ ਸਿੰਗਲ-ਯੂਜ਼ ਪਲਾਸਟਿਕ (ਐਸਯੂਪੀ) ਵਸਤੂਆਂ 'ਤੇ ਪਾਬੰਦੀ ਲਗਾਉਣ ਲਈ ਸਰਕਾਰ ਦੀ ਨੀਤੀ ਨਾਲ ਮੇਲ ਖਾਣ ਲਈ ਟਿਕਾਊ ਅਭਿਆਸਾਂ ਨੂੰ ਅਪਣਾਉਣ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਲੋਕਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੀ ਸੁਰੱਖਿਆ ਲਈ ਵਾਤਾਵਰਣ ਪੱਖੀ ਵਿਕਲਪਾਂ ਜਿਵੇਂ ਕਿ ਕੱਪੜੇ ਅਤੇ ਜੂਟ ਦੇ ਥੈਲਿਆਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ।

ਡਾ. ਪ੍ਰੀਤੀ ਯਾਦਵ ਨੇ ਸਿੰਗਲ-ਯੂਜ਼ ਪਲਾਸਟਿਕ 'ਤੇ ਨਿਰਭਰਤਾ ਨੂੰ ਘਟਾਉਣ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਪਟਿਆਲਾ ਵੈਲਫੇਅਰ ਸੋਸਾਇਟੀ ਵੱਲੋਂ ਤਿਆਰ ਕਰਵਾਏ ਗਏ ਜੂਟ ਅਤੇ ਕੱਪੜੇ ਦੇ ਬੈਗ ਜਾਰੀ ਕਰਦਿਆਂ ਆਮ ਲੋਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਇਹਨਾਂ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਜਗ੍ਹਾ ਜੂਟ ਤੇ ਕੱਪੜੇ ਦੇ ਬੈਗ ਅਪਣਾਉਣ ਦੀ ਅਪੀਲ ਕੀਤੀ।

ਇਸ ਮੌਕੇ ਐਸ.ਡੀ.ਐਮ ਨਾਭਾ ਡਾ. ਇਸਮਤ ਵਿਜੇ ਸਿੰਘ, ਪਟਿਆਲਾ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਵਿਜੇ ਕੁਮਾਰ ਗੋਇਲ, ਹਰਬੰਸ ਬਾਂਸਲ, ਵਾਤਾਵਰਣ ਇੰਜੀਨੀਅਰ ਇੰਜ. ਗੁਰਕਰਨ ਸਿੰਘ, ਅਤੇ ਸਹਾਇਕ ਵਾਤਾਵਰਣ ਇੰਜੀਨੀਅਰ ਇੰਜ. ਮੋਹਿਤ ਬਿਸ਼ਟ ਵੀ ਹਾਜ਼ਰ ਸਨ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਡਿਪਟੀ ਕਮਿਸ਼ਨਰ ਵਲੋਂ ਕੀਤੇ ਐਲਾਨ ਦੀ ਸ਼ਲਾਘਾ ਕਰਦੇ ਹੋਏ ਵਿਜੇ ਕੁਮਾਰ ਗੋਇਲ ਨੇ ਕਿਹਾ ਕਿ ਇਹ ਵਾਤਾਵਰਣ ਦੀ ਸੰਭਾਲ ਪ੍ਰਤੀ ਪ੍ਰਸ਼ਾਸਨ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਪਟਿਆਲਾ ਲਈ ਹਰਿਆ ਭਰਿਆ ਅਤੇ ਵਧੇਰੇ ਟਿਕਾਊ ਭਵਿੱਖ ਬਣਾਉਣ ਦੇ ਵਿਆਪਕ ਦ੍ਰਿਸ਼ਟੀਕੋਣ ਨਾਲ ਮੇਲ ਖਾਂਦਾ ਹੈ।

ਬਜੁਰਗਾਂ ਦੀ ਸਿਹਤ ਸੰਭਾਲ ਪੰਜਾਬ ਸਰਕਾਰ ਦਾ ਮੁੱਖ ਟੀਚਾ : ਡਾ. ਬਲਜੀਤ ਕੌਰ

ਚੰਡੀਗੜ੍ਹ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਅਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਭਾਗ ਸੂਬੇ ਦੇ ਬਜ਼ੁਰਗਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਇਸ ਕੜੀ ਤਹਿਤ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਅਧੀਨ ਵਿਭਾਗ ਦੇ ਅਧਿਕਾਰੀ ਘਰ-ਘਰ ਜਾ ਕੇ ਬਜ਼ੁਰਗਾਂ ਦੀ ਸਿਹਤ ਸਬੰਧੀ ਜਾਣਕਾਰੀ ਇੱਕਠੀ ਕਰਨਗੇ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਬਜ਼ੁਰਗਾਂ ਦੇ ਜੀਵਨ ਨੂੰ ਸੌਖਾ ਬਣਾਉਣ ਅਤੇ ਉਨ੍ਹਾਂ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਸਿਹਤ ਸਰਵੇਖਣ ਕਰਨ ਲਈ ਉਨ੍ਹਾਂ ਦੀ ਮੁਕੰਮਲ ਜਾਣਕਾਰੀ ਜਰੂਰੀ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਨੂੰ ਸਨਮਾਨ ਦਿੰਦੇ ਹੋਏ ਉਹਨਾਂ ਦੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣਾ ਸਰਕਾਰ ਦਾ ਮੁੱਖ ਟੀਚਾ ਹੈ।

ਸਾਡੇ ਬਜ਼ੁਰਗ ਸਾਡੇ ਸਮਾਜ ਦਾ ਅਹਿਮ ਹਿੱਸਾ ਹਨ ਅਤੇ ਉਹਨਾਂ ਦੀ ਸਿਹਤ ਸੰਭਾਲ ਕਰਨੀ ਸਾਡੀ ਨੈਤਿਕ ਜਿੰਮੇਵਾਰੀ ਹੈ।

ਉਨ੍ਹਾਂ ਦੱਸਿਆ ਕਿ ਆਂਗਣਵਾੜੀ ਸੁਪਰਵਾਈਜ਼ਰ ਘਰ-ਘਰ ਜਾ ਕੇ ਐਮ-ਸੇਵਾ ਮੋਬਾਈਲ ਐਪ ਵਿੱਚ ਡਾਟਾ ਇਕੱਠਾ ਕਰਨਗੇ। ਮੋਬਾਈਲ ਐਪ ਹਰੇਕ ਸੁਪਰਵਾਈਜ਼ਰ ਨੂੰ ਨਿਰਧਾਰਤ ਪੈਨਸ਼ਨਰਾਂ ਦੇ ਵੇਰਵੇ ਪ੍ਰਦਰਸ਼ਿਤ ਕਰੇਗੀ। ਇਸ ਵਿੱਚ ਲਾਭਪਾਤਰੀ ਦਾ ਨਾਮ, ਪਿਤਾ/ਪਤੀ ਦਾ ਨਾਮ, ਪਿੰਡ/ਪਤਾ, ਫ਼ੋਨ ਨੰਬਰ, ਉਮਰ ਅਤੇ ਲਿੰਗ ਦੇ ਨਾਲ-ਨਾਲ ਉਹਨਾਂ ਦੀ ਸਿਹਤ ਅਤੇ ਤੰਦਰੁਸਤੀ ਦਾ ਮੁਲਾਂਕਣ ਕਰਨ ਲਈ ਤਿਆਰ ਕੀਤੇ ਗਏ ਸਰਵੇਖਣ ਸ਼ਾਮਲ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬਜ਼ੁਰਗਾਂ ਦੀ ਫੋਟੋ, ਮ੍ਰਿਤਕ ਦੀ ਸੂਰਤ ਵਿੱਚ ਮੌਤ ਦੀ ਤਾਰੀਖ, ਮੌਤ ਸਰਟੀਫਿਕੇਟ ਅਪਲੋਡ ਕਰਕੇ ਰੀ-ਚੈਕਿੰਗ ਕੀਤੀ ਜਾਵੇ। ਉਨ੍ਹਾਂ ਨੇ ਸਿਹਤ ਸਰਵੇਖਣਾਂ ਲਈ ਬਜ਼ੁਰਗਾਂ ਨਾਲ ਸਤਿਕਾਰ ਨਾਲ ਪੇਸ਼ ਆਉਣ ਲਈ ਵੀ ਕਿਹਾ।

ਉਨ੍ਹਾਂ ਕਿਹਾ ਕਿ ਸੂਬੇ ਭਰ ਦੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰਾਂ, ਬਾਲ ਵਿਕਾਸ ਪ੍ਰਜੈਕਟ ਅਫਸਰਾਂ ਅਤੇ ਸੁਪਰਵਾਈਜ਼ਰਾਂ ਨੂੰ ਬਜੁਰਗਾਂ ਦੇ ਸਿਹਤ ਸਰਵੇਖਣ ਲਈ ਟਰੇਨਿੰਗ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਿਨ੍ਹਾਂ ਪੈਨਸ਼ਨਰਾਂ ਦੀ ਪੈਨਸ਼ਨ ਅਧੂਰੀ ਜਾਂ ਗਲਤ ਜਾਣਕਾਰੀ ਕਾਰਨ ਰੋਕੀ ਗਈ ਹੈ, ਉਹ ਡੀ.ਜੀ.ਆਰ ਹੈਲਪਲਾਈਨ (1100) ਰਾਹੀਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ।

ਟ੍ਰਾਈਡੈਂਟ ਗਰੁੱਪ ਨੂੰ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਐੱਚ.ਆਰ. ਵਿੱਚ ਉੱਤਮਤਾ ਲਈ ਕੀਤਾ ਸਨਮਾਨਿਤ

ਬਰਨਾਲਾ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਟ੍ਰਾਈਡੈਂਟ ਗਰੁੱਪ, ਇੱਕ ਗਲੋਬਲ 2 ਬਿਲੀਅਨ+ ਅਮਰੀਕੀ ਡਾਲਰ ਸਮੂਹ, ਨੂੰ ਪ੍ਰਤਿਸ਼ਠਾਵਾਨ ਟੀ ਬੀ ਡੀਟੈਕਸਟਾਈਲ ਕਨੈਕਟ- ਟੈਕਸਟਾਈਲ ਅਤੇ ਅਪਰਲ ਇੰਡਸਟਰੀ ਐਚਆਰ ਸਮਿਟ ਐਕਸੀਲੈਂਸ ਅਵਾਰਡਾਂ ਵਿੱਚ ਇਸਦੇ ਸ਼ਾਨਦਾਰ ਮਨੁੱਖੀ ਸਰੋਤ ਅਭਿਆਸਾਂ ਲਈ ਮਾਨਤਾ ਦਿੱਤੀ ਗਈ। ਭਾਰਤ ਸਰਕਾਰ ਦੇ ਟੈਕਸਟਾਈਲ ਮੰਤਰਾਲੇ ਦੁਆਰਾ ਸਮਰਥਤ ਇਸ ਪ੍ਰੋਗਰਾਮ ਵਿਚ , ਟ੍ਰਾਈਡੈਂਟ ਗਰੁੱਪ ਨੇ ਮੁੱਖ ਸ਼੍ਰੇਣੀਆਂ ਵਿਚ ਪੁਰੁਸ ?ਕਾਰ ਜਿਤੇ, ਜਿਸ ਵਿੱਚ ਸਰਵੋਤਮ ਐਚ ਆਰ ਪ੍ਰੈਕਟਿਸ, ਸਰਵੋਤਮ ਰੁਜ਼ਗਾਰਦਾਤਾ ਨਿਰਮਾਣ, ਭਰਤੀ ਅਤੇ ਕੈਂਪਸ ਰੇਕ੍ਰੂਟਮੰਟ ਵਿੱਚ ਉੱਤਮਤਾ, ਅਤੇ ਕਰਮਚਾਰੀਆਂ ਦੀ ਵਿਭਿੰਨਤਾ ਸ਼ਾਮਲ ਹੈ।

ਇਹ ਪੁਰਸਕਾਰ ਟੈਕਸਟਾਈਲ ਦੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਵਲੋਂ ਹਾਲ ਹੀ ਨੋਇਡਾ ਵਿਚ ਹੋਏ ਏਕ ਪ੍ਰੋਗ੍ਰਾਮ ਤੇ ਪ੍ਰਦਾਨ ਕੀਤੇ ਗਏ, ਉਨ੍ਹਾਂ ਨੇ ਏਚ ਆਰ ਨਵੀਨਤਾ ਨੂੰ ਅਗੇ ਵਧਾਣ ਅਤੇ ਇੱਕ ਸਮਾਵੇਸ਼ੀ ਅਤੇ ਵਿਭਿੰਨ ਕਾਰਜਬਲ ਨੂੰ ਉਤਸ਼ਾਹਤ ਕਰਨ ਵਿੱਚ ਇਸਦੀ ਅਗਵਾਈ ਲਈ ਟ੍ਰਾਈਡੈਂਟ ਗਰੁੱਪ ਦੀ ਸ਼ਲਾਘਾ ਕੀਤੀ। ਇਹ ਪ੍ਰਸ਼ੰਸਾ ਇੱਕ ਸੰਪੰਨ ਕਾਰਜ ਵਾਤਾਵਰਣ ਬਣਾਉਣ ਲਈ ਟ੍ਰਾਈਡੈਂਟ ਗਰੁੱਪ ਦੇ ਸਮਰਪਣ ਨੂੰ ਰੇਖਾਂਕਿਤ ਕਰਦੀ ਹੈ ਜੋ ਕਰਮਚਾਰੀ ਵਿਕਾਸ, ਵਿਭਿੰਨਤਾ ਅਤੇ ਸਥਾਈ ਵਿਕਾਸ ਨੂੰ ਤਰਜੀਹ ਦਿੰਦਾ ਹੈ, ਅਤੇ ਕੰਪਨੀ ਦੀ ਗਲੋਬਲ ਸਫ਼ਲਤਾ ਨੂੰ ਅਗੇ ਵਧਾਂਦਾ ਹੈ।

ਇਸ ਮੌਕੇ ਤੇ ਪੂਜਾ ਬੀ ਲੂਥਰਾ, ਸੀ ਏਚ ਆਰ ਓ, ਟ੍ਰਾਈਡੈਂਟ ਗਰੁੱਪ ਨੇ ਕਿਹਾ ਕੀ 'ਸਾਨੂੰ ਟੈਕਸਟਾਈਲ ਮੰਤਰਾਲੇ ਤੋਂ ਇਹ ਸਨਮਾਨ ਪ੍ਰਾਪਤ ਕਰ ਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ, ਇਹ ਮਾਨਤਾ ਇੱਕ ਐਸਾ ਕਾਰਜ ਸਥਾਨ ਬਣਾਉਣ ਲਈ ਸਾਡੀ ਅਟੱਲ ਵਚਨਬੱਧਤਾ ਨੂੰ ਪ੍ਰਮਾਣਿਤ ਕਰਦੀ ਹੈ ਜਿੱਥੇ ਸਾਰੇ ਪਿਛੋਕੜ ਵਾਲੇ ਵਿਅਕਤੀਆਂ ਨੂੰ ਅਗੇ ਵਧਣ ਦਾ ਮੌਕਾ ਮਿਲਦਾ ਹੈ। ਟ੍ਰਾਈਡੈਂਟ ਗਰੁੱਪ ਵਿੱਚ ਸ਼ਾਮਲ ਕਰਨ ਅਤੇ ਨਿਰੰਤਰ ਵਿਕਾਸ ਦੇ ਸੱਭਿਆਚਾਰ ਨੂੰ ਉਤਸ਼ਾਹਤ ਕਰਨਾ ਸਰਵੋਪਰਿ ਹੈ, ਅਤੇ ਅਸੀਂ ਆਪਣੇ ਕਰਮਚਾਰੀਆਂ ਦਾ ਸਸ਼ਕਤੀਕਰਨ ਜਾਰੀ ਰੱਖਣ ਅਤੇ ਹੋਰ ਸਥਾਈ ਭਵਿੱਖ ਨੂੰ ਅਗੇ ਵਧਾਣ ਲਈ ਪ੍ਰੇਰਿਤ ਹਾਂ', ।

ਟ੍ਰਾਈਡੈਂਟ ਗਰੁੱਪ ਦੀਆਂ ਕਾਰਜਬਲ ਵਿਭਿੰਨਤਾ ਪਹਿਲਕਦਮੀਆਂ ਅਤੇ ਖਾਸ ਤੌਰ 'ਤੇ ਤਕਸ਼ਸ਼ੀਲਾ ਪ੍ਰੋਗਰਾਮ ਉਲੇਖਨਿਏ ਹੈ। ਇਹ ਵਿਲੱਖਣ ਪ੍ਰੋਗਰਾਮ ਵਿਦਿਅਕ ਰੁਕਾਵਟਾਂ ਨੂੰ ਦੂਰ ਕਰਕੇ ਆਈ ਟੀ ਆਈ, ਡਿਪਲੋਮੇ ਅਤੇ 10+2 ਸਮੇਤ ਵਿਭਿੰਨ ਵਿਦਿਅਕ ਪਿਛੋਕੜ ਵਾਲੇ ਨੌਜਵਾਨਾਂ ਨੂੰ ਸਸ਼ਕਤ ਬਣਾਂਦਾ ਹੇ।

ਤਕਸ਼ਸ਼ਿਲਾ ਇਹਨਾਂ ਨੌਜਵਾਨਾਂ ਨੂੰ ਟੈਕਸਟਾਈਲ ਉਦਯੋਗ ਵਿੱਚ ਕੈਰੀਅਰ ਦੇ ਕੀਮਤੀ ਮੌਕੇ ਪ੍ਰਦਾਨ ਕਰਦੀ ਹੈ, ਉਹਨਾਂ ਨੂੰ ਕਮਾਈ ਕਰਨ, ਸਿੱਖਣ ਅਤੇ ਵਿਕਾਸ ਕਰਨ ਦੇ ਯੋਗ ਬਣਾਉਂਦੇ ਹੋਏ ?12 ਲੱਖ ਪ੍ਰਤੀ ਸਾਲ ਦੀ ਸ਼ੁਰੂਆਤੀ ਤਨਖਾਹ ਦੀ ਪੇਸ਼ਕਸ਼ ਕਰਦੀ ਹੈ।

ਟ੍ਰਾਈਡੈਂਟ ਦਾ ਨਿਰੰਤਰ ਵਾਧਾ ਸਥਾਨਕ ਅਰਥਵਿਵਸਥਾ 'ਤੇ ਮਹੱਤਵਪੂਰਨ ਪ੍ਰਭਾਵ ਪਾਉਂਦਾ ਹੈ। ਮੱਧ ਪ੍ਰਦੇਸ਼ ਵਿੱਚ, ਜਿੱਥੇ ਕੰਪਨੀ ?3,000 ਕਰੋੜ ਦਾ ਹੋਰ ਨਿਵੇਸ਼ ਕਰਨ ਦੀ ਯੋਜਨਾ ਤੇ ਕਾਮ ਕਰ ਰਹੀ ਹੈ, 3,000 ਨਵੀਆਂ ਨੌਕਰੀਆਂ ਪੈਦਾ ਕਰ ਰਹੀ ਹੈ ਅਤੇ ਆਪਣੇ ਕਰਮਚਾਰੀਆਂ ਦੀ ਗਿਣਤੀ 12,000 ਤੋਂ ਵਧਾ ਕੇ 15,000 ਤੱਕ ਕਰ ਰਹੀ ਹੈ। ਹੁਨਰ-ਨਿਰਮਾਣ ਅਤੇ ਭਰਤੀ ਵਿੱਚ ਕੰਪਨੀ ਦੇ ਨਿਵੇਸ਼, ਖਾਸ ਤੌਰ 'ਤੇ ਤਕਸ਼ਸ਼ਿਲਾ ਪਹਿਲਕਦਮੀ ਦੁਆਰਾ, ਖੇਤਰ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਆਪਣੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੇ ਹਨ।

ਇਹਨਾਂ ਪੁਰੁਸਕਾਰਾਂ ਤੋਂ ਇਲਾਵਾ, ਟ੍ਰਾਈਡੈਂਟ ਗਰੁੱਪ ਨੇ ਉੱਚ ਕਰਮਚਾਰੀਆਂ ਦੀ ਸੰਤੁਸ਼ਟੀ ਅਤੇ ਰੁਝੇਵਿਆਂ ਨੂੰ ਬਣਾਈ ਰੱਖਣ ਲਈ ਆਪਣੇ ਚੱਲ ਰਹੇ ਯਤਨਾਂ ਨੂੰ ਹੋਰ ਉਜਾਗਰ ਕਰਦੇ ਹੋਏ, ਰੁਜ਼ਗਾਰਦਾਤਾ ਬ੍ਰਾਂਡਿੰਗ ਵਿੱਚ ਉੱਤਮਤਾ ਲਈ 4.2 ਦੀ ਗਲਾਸਡੋਰ ਰੇਟਿੰਗ ਅਤੇ ਏਮ ?ਬਿਸ੍ਰਨ ਬਾਕਸ ਬੈਜ ਵੀ ਪ੍ਰਾਪਤ ਕੀਤਾ ਹੈ।

ਮਲੌਟ ਦੇ ਵਿੱਚ ਸਕੂਲ ਸਫ਼ਾਈ ਕਰਮਚਾਰੀਆਂ ਨੂੰ ਤਨਖਾਹਾਂ ਸਮੇਂ ਸਿਰ ਨਾ ਮਿਲਣ ਕਾਰਨ ਪੰਜਾਬ ਸਰਕਾਰ ਨਾਲ ਕੀਤਾ ਗਿਲਾ ਸ਼ਿਕਵਾ

ਮਲੌਟ 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸਰਕਾਰੀ ਪ੍ਰਾਇਮਰੀ,ਹਾਈ ਸੈਕੰਡਰੀ ਸਕੂਲਾਂ ਵਿੱਚ ਕਰੀਬ 2 ਸਾਲ ਤੋਂ ਸਫਾਈ ਕਰਮਚਾਰੀ ਲਈ ਮਤੇ ਪਾਕੇ 3000/ ਰੁਪਏ ਪ੍ਰਤੀ ਮਹੀਨਾ ਤੇ ਰੱਖਿਆ ਗਿਆ ਸੀ। ਪਰ ਪਿਛਲੇ ਕਈ ਮਹੀਨਿਆਂ ਤੋਂ ਕੋਈ ਵੀ ਤਨਖਾਹ ਜਾ ਮਾਣ ਭੱਤਾ ਜੋਕਿ ਕੇਵਲ ਤਿੰਨ ਹਜ਼ਾਰ ਰੁਪਏ ਸੀ,ਨਹੀ ਦਿੱਤਾ ਗਿਆ।

ਇਨ੍ਹਾਂ ਸ਼ਬਦਾਂ ਨਾਲ ਪੰਜਾਬ ਸਰਕਾਰ ਨਾਲ ਗ਼ਿਲਾ ਕਰਦਿਆਂ ਸਫਾਈ ਕਰਮਚਾਰੀ ਕਰਮਜੀਤ ਕੌਰ ਨੇ ਕਿਹਾ ਕਿ ਜਦੋਂ ਵੀ ਤਨਖਾਹ ਆਉਂਦੀ ਹੈ ਤਾਂ ਓਹ 2 ਤੋਂ 4 ਮਹੀਨੇ ਦੇਰੀ ਨਾਲ ਹੀ ਮਿਲਦੀ ਹੈ। ਹੁਣ ਵੀ ਕਰੀਬ 4 ਮਹੀਨੇ ਹੋ ਗਏ ਹਨ, ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ।

ਉਨ੍ਹਾਂ ਕਿਹਾ ਕਿ ਸਵੇਰੇ 7-00 ਵਜੇ ਤੋਂ ਸ਼ਾਮ ਤੱਕ ਉਨ੍ਹਾਂ ਦਾ ਸਮਾਂ ਸਕੂਲਾਂ ਦੀ ਸਫਾਈ ਵਿੱਚ ਗੁਜ਼ਰ ਜਾਂਦਾ ਹੈ। ਪਰ ਦੇਰੀ ਨਾਲ ਮਿਲਦੀ ਤਨਖਾਹ ਵਜੋਂ ਉਨ੍ਹਾਂ ਨੂੰ ਦਰਪੇਸ਼ ਆਉਂਦੀਆਂ ਮੁਸ਼ਕਿਲਾਂ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਆਪਣਾ ਦਰਦ ਬਿਆਨ ਕਰਦਿਆਂ ਦੱਸਿਆ ਕਿ ਉਹ ਘਰ ਦੇ ਗੁਜ਼ਾਰੇ ਲਈ ਵਿਆਜਾ ਤੇ ਪੈਸੇ ਮੰਗ ਮੰਗ ਕੇ ਕਈ ਥਾਈ ਕਰਜਾਈ ਹੋ ਗਏ ਹਨ। ਉਨ੍ਹਾਂ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਮਹੀਨੇ ਦੀ ਹਰ 2 ਤਰੀਕ ਨੂੰ ਸਮੇਂ ਸਿਰ ਤਨਖਾਹ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਕਿਸੇ ਅੱਗੇ ਹੱਥ ਨਾ ਫੈਲਾਉਣੇ ਪੈਣ । ਉਨ੍ਹਾਂ ਇਹ ਮੰਗ ਵੀ ਕੀਤੀ ਕਿ ਸਫਾਈ ਕਰਮਚਾਰੀ ਦੀ ਪੋਸਟ ਰੈਗੂਲਰ ਕੀਤੀ ਜਾਵੇ ਮੈਡੀਕਲ ਸਹੂਲਤਾਂ ਵੀ ਦੂਸਰੇ ਕਰਮਚਾਰੀਆਂ ਵਾਂਗ ਹੀ ਦਿੱਤੀਆਂ ਜਾਣ ਅਤੇ ਉਨ੍ਹਾਂ ਦੀ ਤਨਖਾਹ ਡੀ ਸੀ ਗਰੇਡ ਅਨੁਸਾਰ ਕੀਤੀ ਜਾਵੇ। ਇਸ ਮੌਕੇ ਸੁਮਨ, ਬਲਵਿੰਦਰ ਸਿੰਘ ਚੋਕੀਦਾਰ, ਅਜੇ ਕੁਮਾਰ,ਚੰਦਰ ਪ੍ਰਕਾਸ਼, ਮੇਵਾ ਸਿੰਘ ਅਤੇ ਮੀਨੂੰ ਦੇਵੀ ਆਦਿ ਵੀ ਮੋਜੂਦ ਸਨ।

ਡੀਏਵੀ ਪਾਤੜਾਂ 'ਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਬੰਧੀ ਧਾਰਮਿਕ ਸਮਾਗਮ ਹੋਇਆ

ਪਾਤੜਾਂ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡੀ.ਏ.ਵੀ ਪਬਲਿਕ ਸਕੂਲ ਪਾਤੜਾਂ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨਾਲ ਸਬੰਧਤ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ।

ਪ੍ਰਿੰਸੀਪਲ ਨਵਦੀਪ ਵਸ਼ਿਸ਼ਟ ਨੇ ਦੱਸਿਆ ਕਿ ਸਕੂਲ ਦੇ ਸਵਾਮੀ ਵਿਵੇਕਾਨੰਦ ਹਾਊਸ ਦੇ ਅਧਿਆਪਕਾਂ ਦੀ ਦੇਖ-ਰੇਖ ਹੇਠ ਤਿਆਰ ਕੀਤੇ ਗਏ ਇਸ ਪ੍ਰੋਗਰਾਮ ਦੀ ਸ਼ੁਰੂਆਤ ਗਣਿਤ ਦੇ ਅਧਿਆਪਕ ਸੁਖਵਿੰਦਰ ਸਿੰਘ ਨੇ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਾਹਿਬਜ਼ਾਦਿਆਂ ਅਤੇ ਗੁਰ



ਸਿਹਤ ਰੂਪੀ ਰੁੱਖ ਦੀਆਂ ਜੜ੍ਹਾਂ ਦਿਮਾਗ਼ ਵਿਚ ਹੁੰਦੀਆਂ ਹਨ। ਜਦੋਂ ਇਹ ਸਹੀ ਰੂਪ 'ਚ ਕੰਮ ਕਰਦਾ ਰਹੇ ਤਾਂ ਸਿਹਤ ਦਾ ਫੁੱਲ ਖਿੜਦਾ ਹੈ

ਦਿਮਾਗ਼ ਨੂੰ ਰੱਖੋ ਸਿਹਤਮੰਦ

ਅੱਜ ਮਾਈਗ੍ਰੇਨ, ਬ੍ਰੇਨ ਸਟਰੋਕ, ਅਲਜ਼ਾਈਮਰਜ਼, ਡਿਮੈਂਸ਼ੀਆ ਆਦਿ ਬਿਮਾਰੀਆਂ ਦੇ ਮਾਮਲੇ ਵੱਧਦੇ ਹੀ ਜਾ ਰਹੇ ਹਨ। ਇਸ ਤੋਂ ਜ਼ਾਹਿਰ ਹੈ ਕਿ ਅਸੀਂ ਆਪਣੀ ਦਿਮਾਗ਼ ਦੀ ਸਹੀ ਦੇਖਭਾਲ ਅਤੇ ਸਿਹਤ ਪ੍ਰਤੀ ਅਵੇਸਲੇ ਹੋ ਚੁੱਕੇ ਹਾਂ ਜਦਕਿ ਲੋੜ ਤਾਂ ਇਹ ਹੈ ਕਿ ਅੱਜ ਦੀ ਭੱਜਨੱਠ ਅਤੇ ਤਣਾਅ ਵਾਲੀ ਜ਼ਿੰਦਗੀ ਵਿਚ ਦਿਮਾਗ਼ ਦੀ ਸਿਹਤ ਦਾ ਧਿਆਨ ਰੱਖਣਾ ਸਭ ਤੋਂ ਜ਼ਰੂਰੀ ਹੈ। ਦਿਮਾਗ਼ ਨਾਲ ਸਬੰਧਤ ਸਮੱਸਿਆਵਾਂ ਪ੍ਰਤੀ ਜਾਗਰੂਕ ਹੋ ਕੇ ਅਸੀਂ ਇਨ੍ਹਾਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ।

ਅਮਰੀਕਾ ਦੇ ਡਾ. ਸਿਊਸ ਦੇ ਨਾਂ ਨਾਲ ਪ੍ਰਸਿੱਧ ਬਾਲ ਲੇਖਕ ਥੀਓਡੋਰ ਸਿਊਸ ਗਿਸੇਲ ਨੇ ਇਕ ਵਾਰ ਬੜੀ ਮਜ਼ੇਦਾਰ ਗੱਲ ਕੀਤੀ ਸੀ। ਉਨ੍ਹਾਂ ਆਪਣੀਆਂ ਕਹਾਣੀਆਂ ਦੇ ਅਨੋਖੇ ਪਲਾਟ 'ਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ 'ਮੈਨੂੰ ਨਾਨਸੈਂਸ ਬਹੁਤ ਪਸੰਦ ਹੈ। ਇਸ ਵਿਚ ਮੇਰੇ ਦਿਮਾਗ਼ ਦੀਆਂ ਕੋਸ਼ਿਕਾਵਾਂ ਸਰਗਰਮ ਹੋ ਜਾਂਦੀਆਂ ਹਨ।' ਸ਼ਾਇਦ ਉਹ ਜਾਣਦੇ ਸਨ ਕਿ ਸਰੀਰਕ ਅਤੇ ਮਾਨਸਿਕ ਸਮਰੱਥਾ ਨੂੰ ਵਧਾਉਣ ਲਈ ਦਿਮਾਗ਼ ਨੂੰ ਕਿਰਿਆਸ਼ੀਲ ਰੱਖਣਾ ਕਿੰਨਾ ਜ਼ਰੂਰੀ ਹੈ। ਅੱਜ ਦੀ ਮੈਡੀਕਲ ਦੁਨੀਆ ਵਿਚ ਇਹ ਗੱਲ ਸਾਬਤ ਹੋ ਚੁੱਕੀ ਹੈ ਜੋ ਕਈ ਸਾਲ ਪਹਿਲਾਂ ਇਕ ਕਹਾਵਤ ਵਿਚ ਪ੍ਰਚਲਿਤ ਸੀ। ਕਹਾਵਤ ਸੀ 'ਸਿਹਤ ਰੂਪੀ ਰੁੱਖ ਦੀਆਂ ਜੜ੍ਹਾਂ ਦਿਮਾਗ਼ ਵਿਚ ਹੁੰਦੀਆਂ ਹਨ। ਜਦੋਂ ਇਹ ਮਿਲ ਕੇ ਕੰਮ ਕਰਦੇ ਹਨ ਤਾਂ ਸਿਹਤ ਦਾ ਫੁੱਲ ਖਿੜਦਾ ਹੈ' ਪਰ ਸਿਹਤ ਪ੍ਰਤੀ ਜਾਗਰੂਕਤਾ ਦੇ ਇਸ ਦੌਰ ਵਿਚ ਦਿਮਾਗ਼ ਦੀ ਸਿਹਤ 'ਤੇ ਓਨਾ ਧਿਆਨ ਨਹੀਂ ਦਿੱਤਾ ਜਾਂਦਾ ਜਿੰਨਾ ਮਹੱਤਵਪੂਰਨ ਇਹ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਮਾਈਗ੍ਰੇਨ ਆਮ ਗੱਲ ਹੋ ਗਈ ਹੈ। ਡਿਮੈਂਸ਼ੀਆ ਭਾਵ ਯਾਦਾਸ਼ਤ ਕਮਜ਼ੋਰ ਹੋਣ ਦੇ ਮਾਮਲੇ ਵੱਧ ਰਹੇ ਹਨ ਅਤੇ ਪਾਰਕੀਸਨ ਅਤੇ ਅਲਜ਼ਾਈਮਰਜ਼ ਵਰਗੀਆਂ ਬਿਮਾਰੀਆਂ ਅੱਜ ਦੇ ਮਨੁੱਖ ਲਈ ਵੱਡੀ ਵੰਗਾਰ ਬਣ ਰਹੀਆਂ ਹਨ

ਬ੍ਰੇਨ ਸਟਰੋਕ, ਅਲਜ਼ਾਈਮਰ, ਡਿਮੈਂਸ਼ੀਆ ਆਦਿ ਰੋਗ ਆਧੁਨਿਕ ਜੀਵਨ ਸ਼ੈਲੀ ਦੀ ਦੇਣ ਹਨ

ਕਈ ਸੈੱਲਾਂ ਅਤੇ ਟਿਸ਼ੂਆਂ ਦੇ ਸੁਮੇਲ ਨਾਲ ਬਣਿਆ ਦਿਮਾਗ਼ ਬੇਹੱਦ ਸੰਵੇਦਨਸ਼ੀਲ ਅੰਗ ਹੈ। ਤਣਾਅ ਤੇ ਕੁਪੋਸ਼ਣ ਦਿਮਾਗ਼ੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ

ਕੀ ਹੈ ਦਿਮਾਗ਼ੀ ਸਿਹਤ

ਸਰੀਰ ਦੇ ਕਿਸੇ ਵੀ ਹੋਰ ਅੰਗ ਵਾਂਗ ਦਿਮਾਗ਼ ਵੀ ਕਈ ਤਰ੍ਹਾਂ ਦੇ ਸੈਲਾਂ ਅਤੇ ਟਿਸ਼ੂਆਂ ਨਾਲ ਮਿਲ ਕੇ ਬਣਿਆ ਹੁੰਦਾ ਹੈ। ਫ਼ਰਕ ਸਿਰਫ਼ ਇਹੀ ਹੈ ਕਿ ਇਸ ਦੀ ਬਣਤਰ ਅਤੇ ਕਿਰਿਆਵਾਂ ਹੋਰ ਅੰਗਾਂ ਦੇ ਮੁਕਾਬਲੇ ਕਿਤੇ ਵੱਧ ਗੁੰਝਲਦਾਰ ਹੈ। ਇਹ ਬੇਹੱਦ ਸੰਵੇਦਨਸ਼ੀਲ ਅੰਗ ਹੈ। ਤਣਾਅ, ਕੁਪੋਸ਼ਣ ਜਾਂ ਉਨੀਂਦਰਾ ਇਸ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜੇ ਤੁਸੀਂ ਸਮੇਂ ਦੇ ਨਾਲ ਆਪਣੇ ਦਿਮਾਗ਼ ਨੂੰ ਤਰੋਤਾਜ਼ਾ ਰੱਖਦੇ ਹੋ ਅਤੇ ਉਮਰ ਦੇ ਨਾਲ ਇਸ ਦੀ ਸਿਹਤ 'ਚ ਕੋਈ ਕਮੀ ਨਜ਼ਰ ਨਹੀਂ ਆਉਂਦੀ ਤਾਂ ਮਤਲਬ ਇਹ ਹੈ ਕਿ ਤੁਸੀਂ 100 ਬਿਲੀਅਨ ਕੋਸ਼ਿਕਾਵਾਂ ਨੂੰ ਸਿਹਤਯਾਬ ਰੱਖਿਆ ਹੋਇਆ ਹੈ। ਜਦੋਂ ਅਸੀਂ ਕੋਈ ਕੰਮ ਕਰਦੇ ਹਾਂ ਤਾਂ ਸਾਰੀਆਂ ਕੋਸ਼ਿਕਾਵਾਂ ਆਪਸ ਵਿਚ ਸੰਵਾਦ ਕਰਦੀਆਂ ਹਨ। ਇਸ ਸੰਵਾਦ ਵਿਚ ਕੋਈ ਰੁਕਾਵਟ ਨਾ ਹੋਣ ਦਾ ਮਤਲਬ ਵੀ ਦਿਮਾਗ਼ ਦਾ ਸਿਹਤਮੰਦ ਹੋਣਾ ਹੈ। ਸਿਹਤਮੰਦ ਦਿਮਾਗ਼ ਦਾ ਅਰਥ ਹੈ ਵਰਤਮਾਨ ਵਿਚ ਬਿਹਤਰ ਮਾਨਸਿਕ ਅਤੇ ਸਰੀਰਕ ਸਮਰੱਥਾ। ਦਿਮਾਗ਼ ਸਿਹਤਮੰਦ ਹੈ ਤਾਂ ਭੁੱਲਣ ਦੀ ਸਮੱਸਿਆ, ਡਿਮੈਂਸ਼ੀਆ, ਅਲਜ਼ਾਈਮਰਜ਼, ਪਾਰਕੀਸਨ, ਬ੍ਰੇਨ ਸਟਰੋਕ ਜਾਂ ਬ੍ਰੇਨ ਹੈਮਰੇਜ, ਮਾਈਗ੍ਰੇਨ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਅ ਦੀ ਸੰਭਾਵਨਾ ਤੋਂ ਬਚਾਅ ਵੀ ਕਈ ਗੁਣਾ ਵੱਧ ਜਾਂਦੀ ਹੈ। ਜੇ ਅਚਾਨਕ ਤੁਹਾਡਾ ਉਚਾਰਣ ਅਸਪਸ਼ਟ ਹੋਣ ਲੱਗੇ, ਥਥਲਾਉਣ, ਯਾਦਸ਼ਕਤੀ ਪ੍ਰਭਾਵਿਤ ਹੋਣ ਵਰਗੀਆਂ ਸਮੱਸਿਆਵਾਂ ਆਉਣ ਲੱਗਣ, ਸਿਰਦਰਦ, ਵਾਰ-ਵਾਰ ਹੱਥ ਪੈਰ ਸੁੰਨ ਹੋਣ ਜਾਣ ਤਾਂ ਇਹ ਸੰਕੇਤ ਹੈ ਕਿ ਦਿਮਾਗ਼ ਵਿਚ ਕੁਝ ਵਿਕਾਰ ਆ ਚੁੱਕਾ ਹੈ।

ਆਧੁਨਿਕ ਜੀਵਨਸ਼ੈਲੀ ਨੇ ਵਧਾਈਆਂ ਮੁਸ਼ਕਿਲਾਂ

ਭਾਰਤੀ ਪਰਿਪਰਾ ਵਿਚ ਜਲਦੀ ਸੌਣਾ ਅਤੇ ਜਲਦੀ ਉੱਠਣ ਦਾ ਨੇਮ ਸੀ। ਦਿਨ ਵਿਚ ਦੋ ਵਾਰ ਖਾਣਾ, ਨੇਮਬੱਧ ਕਸਰਤ, ਲੰਮਾ ਪੈਂਡਾ ਪੈਦਲ ਚੱਲਣਾ ਆਦਿ ਸਾਡੀ ਜੀਵਨ ਸ਼ੈਲੀ ਦਾ ਅਨਿੱਖੜਵਾਂ ਅੰਗ ਸਨ। ਇਸ ਲਈ ਇਨ੍ਹਾਂ ਨੂੰ ਆਪਣੀ ਜੀਵਨਸ਼ੈਲੀ ਵਿਚ ਉਚੇਚੇ ਤੌਰ 'ਤੇ ਸ਼ਾਮਿਲ ਕਰਨ ਦੀ ਲੋੜ ਨਹੀਂ ਸੀ ਪੈਂਦੀ। ਇਸ ਨਜ਼ਰੀਏ ਤੋਂ ਅਜੋਕੀ ਜੀਵਨਸ਼ੈਲੀ ਦੇਖੀਏ ਤਾਂ ਅਨੁਸ਼ਾਸਨ ਨਾਂ ਦੀ ਚੀਜ਼ ਹੀ ਨਹੀਂ ਹੈ। ਜੰਕ ਫੂਡ, ਤਲਿਆ ਭੁੰਜਿਆ ਭੋਜਨ, ਤਿੰਨ ਵਾਰ ਖਾਣਾ ਆਦਿ ਆਦਤਾਂ ਸਾਡੀ ਜੀਵਨਸ਼ੈਲੀ ਦਾ ਹਿੱਸਾ ਹਨ। ਇਹ ਹਾਈ ਕੌਲੈਸਟਰੌਲ ਦਾ ਕਾਰਨ ਬਣਦੇ ਹਨ। ਨਤੀਜੇਵੱਸ ਨਾੜੀਆਂ ਕਮਜ਼ੋਰ ਹੁੰਦੀਆਂ ਹਨ ਜਿਸ ਨਾਲ ਹਾਰਟ ਅਟੈਕ, ਡਾਇਬਟੀਜ਼, ਬ੍ਰੇਨ ਸਟਰੋਕ ਆਦਿ ਦਾ ਖ਼ਤਰਾ ਵੱਧ ਜਾਂਦਾ ਹੈ।

ਚਾਲ ਸੁਆਰੇ ਦਿਮਾਗ਼ ਦਾ ਹਾਲ

ਨਿਊਰੋਲਾਜਿਸਟ ਮੁਤਾਬਕ ਦਿਮਾਗ਼ੀ ਸਿਹਤ ਲਈ ਟਹਿਲਣਾ ਬਹੁਤ ਪ੍ਰਭਾਵੀ ਹੈ। ਸਾਲ 2014 ਵਿਚ ਪਿਟਰਬਰਗਜ਼ ਯੂਨੀਵਰਸਿਟੀ ਦੇ ਇਕ ਅਧਿਐਨ ਮੁਤਾਬਕ ਜੇ ਤੁਸੀਂ ਹਫਤੇ ਵਿਚ ਤਿੰਨ ਵਾਰ ਸਾਧਾਰਨ ਗਤੀ ਨਾਲ ਕੁਝ ਦੂਰ ਟਹਿਲਦੇ ਹੋ ਤਾਂ ਇਹ ਤੁਹਾਡੇ ਦਿਮਾਗ਼ ਦੇ ਹਿੱਪੋਕੈਂਪਸ ਨਾਂ ਦੇ ਹਿੱਸੇ ਨੂੰ ਸਹੀ ਆਕਾਰ ਵਿਚ ਰੱਖਦਾ ਹੈ। ਹਿੱਪੋਕੈਂਪਸ, ਦਿਮਾਗ਼ ਦੀ ਯਾਦਸ਼ਕਤੀ ਦਾ ਕੇਂਦਰ ਮੰਨਿਆ ਜਾਂਦਾ ਹੈ, ਇਹ ਜਦੋਂ ਨਸ਼ਟ ਹੋ ਜਾਂਦਾ ਹੈ ਤਾਂ ਵਿਅਕਤੀ ਅਲਜ਼ਾਈਮਰ ਰੋਗ ਨਾਲ ਗ੍ਰਸਤ ਹੋ ਜਾਂਦਾ ਹੈ। ਬ੍ਰੇਨ ਪਲਾਸਟੀਸਿਟੀ ਦੇ ਖੇਤਰ ਵਿਚ ਅਮਰੀਕਾ ਦੇ ਡਾ. ਮਾਈਕਲ ਮਰਜੈਨਿਕ ਦਿਮਾਗ਼ੀ ਸਿਹਤ ਲਈ ਲਗਾਤਾਰ ਸਿੱਖਣ ਦੀ ਪ੍ਰਕਿਰਿਆ 'ਤੇ ਜ਼ੋਰ ਦਿੰਦੇ ਹਨ। ਸੁਡੋਕੂ ਹੱਲ ਕਰਨਾ, ਭਾਸ਼ਾਵਾਂ ਸਿੱਖਣਾ ਜਾਂ ਕੁਝ ਨਵਾਂ ਸਿੱਖਣ 'ਤੇ ਦਿਮਾਗ਼ ਵਿਚ ਇਕ ਨਵਾਂ ਯਾਦ-ਖੇਤਰ ਬਣਦਾ ਹੈ। ਉਂਜ ਹਰ ਵਿਅਕਤੀ ਵਿਚ ਦਿਮਾਗ਼ੀ ਸਰਗਰਮੀ ਦਾ ਪੱਧਰ ਵੱਖਰਾ ਹੋ ਸਕਦਾ ਹੈ। ਇਕ ਪ੍ਰੋਫੈਸਰ ਲਈ ਸੁਡੋਕੂ ਹੱਲ ਕਰਨਾ ਦਿਮਾਗ਼ੀ ਅਭਿਆਸ ਮੰਨਿਆ ਜਾਵੇਗਾ ਪਰ ਇਕ ਪੇਂਡੂ ਵਿਅਕਤੀ ਲਈ ਗਿਣਤੀ ਸਿੱਖਣਾ ਵੀ ਇਕ ਨਵਾਂ ਅਭਿਆਸ ਹੈ।

ਕਿਹੋ ਜਿਹਾ ਹੋਵੇ ਖਾਣਾ

ਸਿਹਤ ਲਈ ਭੋਜਨ ਦੇ ਸੰਤੁਲਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਹ ਦਿਮਾਗ਼ 'ਤੇ ਵੀ ਲਾਗੂ ਹੁੰਦਾ ਹੈ। ਦਿਮਾਗ਼ੀ ਸਿਹਤ ਅਤੇ ਭੋਜਨ ਵਿਚਾਲੇ ਡੂੰਘਾ ਸਬੰਧ ਹੁੰਦਾ ਹੈ। ਗ਼ਲਤ ਤਰੀਕੇ ਨਾਲ ਕੀਤੀ ਡਾਇਟਿੰਗ ਦਿਮਾਗ਼ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਲਈ ਡਾਈਟ ਨੂੰ ਲੈ ਕੇ ਕੁਝ ਗੱਲਾਂ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਸੰਤੁਲਿਤ ਭੋਜਨ ਭਾਵ ਅਨਾਜ, ਸਬਜ਼ੀਆਂ, ਫਲ, ਹਰੀਆਂ ਸਬਜ਼ੀਆਂ ਆਦਿ ਭਰਪੂਰ ਮਾਤਰਾ ਵਿਚ ਲਓ। ਓਮੇਗਾ ਥ੍ਰੀ ਨੂੰ ਦਿਮਾਗ਼ ਦਾ ਬਿਲਡਿੰਗ ਬਲਾਕ ਕਿਹਾ ਜਾਂਦਾ ਹੈ। ਵਿਟਾਮਿਨ ਈ ਵੀ ਦਿਮਾਗ਼ੀ ਸਿਹਤ ਲਈ ਬਹੁਤ ਜ਼ਰੂਰੀ ਹੈ। ਐਂਟੀ ਆਕਸੀਡੈਂਟ ਵੀ ਭੋਜਨ ਵਿਚ ਮਹੱਤਵਪੂਰਨ ਹੈ। ਇਸ ਲਈ ਸੁੱਕੇ ਮੇਵੇ ਜਿਵੇਂ ਬਦਾਮ, ਅਖਰੋਟ, ਕੱਦੂ ਦੇ ਬੀਜ, ਪਾਲਕ ਵਰਗੇ ਗੂੜ੍ਹੇ ਹਰੇ ਰੰਗ ਦੀਆਂ ਪੱਤੇਦਾਰ ਸਬਜ਼ੀਆਂ, ਅੰਡੇ, ਮੱਛੀ ਆਦਿ ਨੂੰ ਵੀ ਭੋਜਨ ਵਿਚ ਸ਼ਾਮਿਲ ਕਰੋ। ਤੇਲ-ਚਰਬੀਯੁਕਤ ਭੋਜਨ ਤੋਂ ਪਰਹੇਜ਼ ਕਰੋ ਕਿਉਂਕਿ ਇਸ ਨਾਲ ਸਟਰੋਕ ਦਾ ਖ਼ਤਰਾ ਵੱਧਦਾ ਹੈ। ਤਲਿਆ-ਭੁੰਜਿਆ ਭੋਜਨ, ਜੰਕ ਫੂਡ, ਬੇਵਕਤੇ ਖਾਣ ਤੋਂ ਬਚੋ ਕਿਉਂਕਿ ਅਜਿਹਾ ਕਰਨਾ ਅਲਜ਼ਾਈਮਰ ਨੂੰ ਸੱਦਾ ਦੇਣਾ ਹੈ। ਸਿਹਤ ਦੀ ਜੜ੍ਹ ਭਾਵ ਦਿਮਾਗ਼ ਨੂੰ ਤੰਦਰੁਸਤ ਰੱਖ ਸਕਦੇ ਹਾਂ। •

ਓਮੇਗਾ ਥ੍ਰੀ ਨੂੰ ਦਿਮਾਗ਼ ਦਾ ਬਿਲਡਿੰਗ ਬਲਾਕ ਕਿਹਾ ਜਾਂਦਾ ਹੈ। ਵਿਟਾਮਿਨ ਈ ਵੀ ਦਿਮਾਗ਼ੀ ਸਿਹਤ ਲਈ ਬਹੁਤ ਜ਼ਰੂਰੀ ਹੈ। ਭੋਜਨ ਵਿਚ ਐਂਟੀ ਆਕਸੀਡੈਂਟ ਵੀ ਮਹੱਤਵਪੂਰਨ ਹੈ।

ਬਦਲੀਆਂ ਹਨ ਧਾਰਨਾਵਾਂ

ਆਧੁਨਿਕ ਮੈਡੀਕਲ ਵਿਗਿਆਨ ਨੇ ਇਹ ਵੀ ਸਾਬਿਤ ਕੀਤਾ ਹੈ ਕਿ ਦਿਮਾਗ਼ ਖ਼ੁਦ ਨੂੰ ਲਗਾਤਾਰ ਬਦਲਦਾ ਅਤੇ ਵਿਕਸਿਤ ਕਰਦਾ ਚੱਲਦਾ ਹੈ। ਜਦੋਂ ਅਸੀਂ ਕੁਝ ਨਵਾਂ ਸਿੱਖਦੇ ਹਾਂ ਤਾਂ ਇਸ ਦੀ ਸਰੀਰਕ ਬਣਤਰ ਵਿਚ ਕੁਝ ਬਦਲਾਅ ਆਉਂਦਾ ਹੈ। ਅਧਿਐਨ ਸਾਬਤ ਕਰਦੇ ਹਨ ਕਿ ਉਮਰ-ਦਰਾਜ਼ ਦਿਮਾਗ਼ ਵੀ ਲਚੀਲਾ ਹੁੰਦਾ ਹੈ ਭਾਵ ਉਸ ਵਿਚ ਵੀ ਵਿਕਾਸ ਦੀ ਸੰਭਾਵਨਾ ਹੁੰਦੀ ਹੈ। ਇਸ ਨੂੰ ਨਿਊਰੋ ਪਲਾਸਟੀਸਿਟੀ ਕਿਹਾ ਜਾਂਦਾ ਹੈ। ਇਸ ਨੇ ਵਡੇਰੀ ਉਮਰ ਵਿਚ ਵੀ ਦਿਮਾਗ਼ ਨੂੰ ਪ੍ਰਤੀ ਫਿੱਟ ਰੱਖਣ ਨਵੀਆਂ ਸੰਭਾਵਨਾਵਾਂ ਜਗਾਈਆਂ ਹਨ।



ਇੰਜ ਕਰੋ ਬੱਚਿਆਂ ਦਾ ਦਿਮਾਗ਼ ਤੇਜ਼

ਸਿਰਫ਼ ਪਰੀਖਿਆਵਾਂ ਦੇ ਦਿਨਾਂ 'ਚ ਹੀ ਨਹੀਂ, ਸਗੋਂ ਬੱਚਿਆਂ ਦਾ ਦਿਮਾਗ਼ ਹਰ ਸਮੇਂ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਤੁਸੀਂ ਖਾਣ-ਪੀਣ ਤੋਂ ਲੈ ਕੇ ਹਰ ਕਈ ਤਰੀਕੇ ਵੀ ਅਪਣਾਉਂਦੇ ਹੋਵੋਗੇ ਤਾਂ ਕਿ ਬੱਚਿਆਂ ਦਾ ਦਿਮਾਗ਼ ਤੇਜ਼ ਹੋਵੇ ਤੇ ਉਹ ਪੜ੍ਹਾਈ ਵਿਚ ਬਿਹਤਰ ਕਾਰਗੁਜ਼ਾਰੀ ਦਿਖਾ ਸਕਣ। ਆਓ ਜਾਣਦੇ ਹਾਂ ਕੁਝ ਪ੍ਰਭਾਵੀ ਅਤੇ ਆਸਾਨ ਤਰੀਕੇ, ਜੋ ਤੁਹਾਡੇ ਅੱਖਾਂ ਦੇ ਤਾਰਿਆਂ ਦਾ ਦਿਮਾਗ਼ ਤੇਜ਼ ਕਰਨ 'ਚ ਸਹਾਈ ਹੋ ਸਕਦੇ ਹਨ :

- ਦਿਮਾਗ਼ ਤੇਜ਼ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ ਦਿਮਾਗ਼ੀ ਕਸਰਤ। ਇਸ ਲਈ ਤੁਸੀਂ ਬੱਚਿਆਂ ਨਾਲ ਕੋਈ ਪ੍ਰਸ਼ਨ-ਉੱਤਰ ਵਾਲੀ ਖੇਡ, ਸ਼ਬਦਕੋਸ਼ ਭਰਨਾ ਜਾਂ ਸਹੀ ਜਵਾਬ ਲੱਭਣ ਨਾਲ ਸਬੰਧਤ ਕੋਈ ਖੇਡ ਚੁਣ ਸਕਦੇ ਹੋ। ਦੋਸਤਾਂ ਨਾਲ ਵੀ ਬੱਚੇ ਅਜਿਹੀਆਂ ਖੇਡਾਂ ਖੇਡ ਸਕਦੇ ਹਨ। ਇਸ ਨਾਲ ਬੱਚਿਆਂ ਦੀ ਯਾਦਸ਼ਕਤੀ ਵਧਾਉਣ ਅਤੇ ਯਾਦ ਰੱਖਣ ਦੀ ਇੱਛਾ ਵੀ ਬਰਕਰਾਰ ਰਹੇਗੀ।
- ਬੱਚਿਆਂ ਨੂੰ ਘੱਟ ਉਮਰੇ ਹੀ ਨਵੀਆਂ ਭਾਸ਼ਾਵਾਂ ਦਾ ਗਿਆਨ ਕਰਵਾਉਣ ਨਾਲ ਉਨ੍ਹਾਂ ਦਾ ਦਿਮਾਗ਼ ਅਜਿਹੇ ਬੱਚਿਆਂ ਦੇ ਮੁਕਾਬਲੇ ਤੇਜ਼ ਚੱਲਦਾ ਹੈ ਜੋ ਸਿਰਫ਼ ਇਕ ਭਾਸ਼ਾ ਹੀ ਜਾਣਦੇ ਹਨ। ਇਸ ਢੰਗ ਨਲ ਬੱਚੇ ਵਿਚ ਹੋਰ ਵੀ ਯੋਗਤਾਵਾਂ ਵਿਕਸਿਤ ਹੁੰਦੀਆਂ ਹਨ।
- ਬੱਚੇ ਖੇਡ-ਕੁੰਦ ਵਿਚ ਜਿੰਨੇ ਫੁਰਤੀਲੇ ਹੁੰਦੇ ਹਨ, ਉਨ੍ਹਾਂ ਦਾ ਦਿਮਾਗ਼ ਵੀ ਤੇਜ਼ ਅਤੇ ਸਰਗਰਮ ਹੁੰਦਾ ਹੈ। ਇਸ ਤਰ੍ਹਾਂ ਨਾਲ ਬੱਚਿਆਂ ਦੇ ਦਿਮਾਗ਼ ਵਿਚ ਆਕਸੀਜਨ ਦਾ ਵਹਾਅ ਵੀ ਸਹੀ ਰਹਿੰਦਾ ਹੈ ਜੋ ਦਿਮਾਗ਼ੀ ਸਿਹਤ ਲਈ ਲਾਭਦਾਇਕ ਹੈ।
- ਕਲਾ ਬੱਚਿਆਂ ਵਿਚ ਕਲਾ ਪ੍ਰਤੀ ਰੁਝਾਨ ਦਿਮਾਗ਼ ਨੂੰ ਵਿਕਸਿਤ ਕਰਕੇ ਨਵੀਆਂ ਚੀਜ਼ਾਂ ਸਿੱਖਣ ਵਿਚ ਮਦਦ ਕਰਦੀ ਹੈ। ਇਸ ਢੰਗ ਨਾਲ ਬੱਚਿਆਂ ਦੀ ਕਲਪਨਾਸ਼ਕਤੀ ਵਿਚ ਵੀ ਵਾਧਾ ਹੁੰਦਾ ਹੈ ਅਤੇ ਉਹ ਬਹੁਪੱਖੀ ਸੋਚ ਦੇ ਮਾਲਕ ਬਣਦੇ ਹਨ।

ਬਚਪਨ ਤੋਂ ਹੀ ਬੱਚੇ ਨੂੰ ਗਣਿਤ ਦਾ ਚੰਗਾ ਅਭਿਆਸ ਕਰਾਉਣ ਨਾਲ ਉਸ ਦਾ ਦਿਮਾਗ਼ ਤੇਜ਼ ਬਣਦਾ ਹੈ। ਇਹੀ ਕਾਰਨ ਹੈ ਕਿ ਜਿਨ੍ਹਾਂ ਬੱਚਿਆਂ ਦੀ ਗਣਿਤ ਵਿਚ ਜ਼ਿਆਦਾ ਰੁਚੀ ਹੁੰਦੀ ਹੈ, ਉਹ ਆਮ ਬੱਚਿਆਂ ਦੇ ਮੁਕਾਬਲੇ ਵੱਧ ਬੁੱਧੀਮਾਨ ਹੁੰਦੇ ਹਨ।

ਓਹੜ ਪੋਹੜ

ਸਰਦੀਆਂ ਵਿਚ ਹਰੇ ਪਿਆਜ਼ ਦੀ ਹਰਿਆਵਲ ਸੁਆਦ ਨਾਲ ਬਾਗ਼ੋ-ਬਾਗ਼ ਕਰਦੀ ਹੈ। ਇਸ ਦੀ ਵਰਤੋਂ ਸਬਜ਼ੀਆਂ ਅਤੇ ਸੂਪ ਵਿਚ ਆਮ ਕੀਤੀ ਜਾਂਦੀ ਹੈ। ਇਸ ਦੇ ਵੱਖਰੇ ਸੁਆਦ ਕਾਰਨ ਤਾਂ ਇਹ ਭਾਰਤੀ ਰਸੋਈ ਦਾ ਚਹੇਤਾ ਤਾਂ ਹੈ ਹੀ, ਸਗੋਂ ਗੁਣਾਂ ਪੱਖੋਂ ਵੀ ਹਰਾ ਪਿਆਜ਼ ਕਾਫ਼ੀ ਸਿਰਤਮੰਦ ਹੈ। ਆਓ ਜਾਣਦੇ ਹਾਂ ਇਸ ਦੇ ਕੁਝ ਮੁੱਢਲੇ ਫ਼ਾਇਦਿਆਂ ਬਾਰੇ :

ਸਿਹਤ ਦਾ ਖ਼ਜ਼ਾਨਾ ਹਰਾ ਪਿਆਜ਼

- ਹਰਾ ਪਿਆਜ਼ ਖਾਣ ਦੇ ਕਈ ਲਾਭ ਹਨ। ਇਹ ਕੌਲੈਸਟਰੌਲ ਦੇ ਪੱਧਰ ਨੂੰ ਕਾਬੂ 'ਚ ਰੱਖਣ 'ਚ ਸਹਾਈ ਹੁੰਦਾ ਹੈ।
- ਇਸ ਵਿਚ ਐਂਟੀ ਬੈਕਟੀਰੀਅਲ ਗੁਣ ਹੁੰਦੇ ਹਨ ਜਿਸ ਕਾਰਨ ਇਹ ਹਾਜ਼ਮਾ ਸ਼ਕਤੀ ਵਧਾਉਣ 'ਚ ਮਦਦਗਾਰ ਹੁੰਦਾ ਹੈ। ਹਰੇ ਪਿਆਜ਼ ਵਿਚ ਕ੍ਰੋਮੀਅਮ ਹੁੰਦਾ ਹੈ।
- ਹਰਾ ਪਿਆਜ਼ ਖਾਣ ਨਾਲ ਇਮਿਊਨਿਟੀ ਸ਼ਕਤੀ ਵਧਦੀ ਹੈ। ਇਹ ਚਿਹਰੇ ਦੀਆਂ ਝੁਰੜੀਆਂ ਦੂਰ ਕਰਨ ਵਿਚ ਵੀ ਸਹਾਈ ਹੈ।
- ਹਰਾ ਪਿਆਜ਼ ਖਾਣ ਨਾਲ ਅੱਖਾਂ ਦੀ ਰੋਸ਼ਨੀ 'ਚ ਵਾਧਾ ਹੁੰਦਾ ਹੈ।
- ਹਰਾ ਪਿਆਜ਼ ਮਾਈਕ੍ਰੋਨਿਊਟ੍ਰੀਸ਼ਿਅਨਸ ਨੂੰ ਬਰਕਰਾਰ ਰੱਖਦਾ ਹੈ।
- ਹਿਸਟੀਆ ਦਾ ਰੋਗੀ ਜੇਕਰ ਬੇਹੋਸ਼ ਹੋ ਜਾਵੇ ਤਾਂ ਉਸ ਨੂੰ ਹਰਾ ਪਿਆਜ਼ ਕੁੱਟ ਕੇ ਸੁੰਘਾਓ। ਇਸ ਨਾਲ ਰੋਗੀ ਨੂੰ ਤੁਰੰਤ ਹੋਸ਼ ਆ ਜਾਵੇਗਾ।
- ਇਸ ਵਿਚ ਐਂਟੀ ਇਨਫਲਾਮੈਟਰੀ ਅਤੇ ਐਂਟੀ ਹਿਸਟਾਮਾਈਨ ਗੁਣ ਵੀ ਹੁੰਦੇ ਹਨ। ਇਸ ਲਈ ਇਹ ਗਠੀਆ ਅਤੇ ਅਸਥਮਾ ਦੇ ਰੋਗੀਆਂ ਲਈ ਲਾਭਦਾਇਕ ਰਹਿੰਦਾ ਹੈ।
- ਝੜਦੇ ਵਾਲ਼ਾਂ ਦੀ ਸਮੱਸਿਆ ਹੈ ਤਾਂ ਪਿਆਜ਼ ਦਾ ਰਸ ਵਾਲ਼ਾਂ 'ਚ ਲਗਾਉਣ ਨਾਲ

ਸੰਪਾਦਕੀ

ਗਾਇਬ ਹੋ ਰਹੀਆਂ ਹਨ ਅਰਾਵਲੀ ਦੀਆਂ ਪਹਾੜੀਆਂ

ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਪਰਬਤ ਲੜੀਆਂ 'ਚ ਸ਼ੁਮਾਰ ਅਰਾਵਲੀ ਦੀਆਂ ਪਹਾੜੀਆਂ, ਜੋ ਕਿ ਵਾਤਾਵਰਨ ਦੇ ਪੱਖ ਤੋਂ ਬੇਹੱਦ ਅਹਿਮ ਹਨ, ਨੂੰ ਗ਼ੈਰ-ਕਾਨੂੰਨੀ ਖ਼ਣਨ ਮਾਫ਼ੀਆ ਲਗਾਤਾਰ ਨਿਸ਼ਾਨਾ ਬਣਾ ਰਿਹਾ ਹੈ। ਅਧਿਕਾਰ ਖੇਤਰ ਸਪੱਸ਼ਟ ਨਾ ਹੋਣ ਕਾਰਨ ਮਾਈਨਿੰਗ ਮਾਫ਼ੀਆ ਨੇ ਖ਼ਾਸ ਤੌਰ 'ਤੇ ਹਰਿਆਣਾ-ਰਾਜਸਥਾਨ ਸਰਹੱਦ ਦੇ ਨਾਲ ਪਹਾੜੀਆਂ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਪਹਾੜੀਆਂ ਦੀ ਥਾਂ ਹੁਣ ਪੱਧਰੀ ਜਗ੍ਹਾ ਹੈ ਤੇ ਵਿਆਪਕ ਨੁਕਸਾਨ ਦਾ ਅਨੁਮਾਨ ਲਾਇਆ ਗਿਆ ਹੈ। ਹਰਿਆਣਾ ਸਰਕਾਰ ਦਾ ਅੰਦਾਜ਼ਾ ਹੈ ਕਿ ਰਾਜਸਥਾਨ ਦੇ ਠੇਕੇਦਾਰਾਂ ਦੀ ਨਾਜਾਇਜ਼ ਮਾਈਨਿੰਗ ਕਰ ਕੇ ਉਨ੍ਹਾਂ ਨੂੰ ਪਿਛਲੇ ਦੋ ਸਾਲਾਂ ਦੌਰਾਨ 2,500 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸਰਕਾਰ ਦਾ ਦੋਸ਼ ਹੈ ਕਿ ਇਹ ਠੇਕੇਦਾਰ ਹੱਦਬੰਦੀ ਦੀ ਘਾਟ ਦਾ ਫ਼ਾਇਦਾ ਉਠਾਉਂਦੇ ਹਨ ਤੇ ਆਪਣੀਆਂ ਨਾਜਾਇਜ਼ ਗਤੀਵਿਧੀਆਂ ਨੂੰ ਫੈਲਾਉਂਦੇ ਹਨ, ਜਿਸ ਦੀ ਕੋਈ ਪੜਤਾਲ ਨਹੀਂ ਹੋ ਰਹੀ। ਸਿਰਫ਼ 2023 ਵਿੱਚ ਹੀ ਅੱਠ ਕਰੋੜ ਮੀਟਰਿਕ ਟਨ ਖਣਿਜ ਪਦਾਰਥ ਨੂਹ ਜ਼ਿਲ੍ਹੇ ਦੇ ਪਿੰਡਾਂ ਵਿੱਚ ਪਹਾੜੀਆਂ ਤੋਂ ਗਾਇਬ ਹੋ ਚੁੱਕਾ ਹੈ। ਦੇਖਣਯੋਗ ਪਹਾੜੀਆਂ ਮਲਬੇ 'ਚ ਤਬਦੀਲ ਹੋ ਗਈਆਂ ਹਨ। ਪ੍ਰਭਾਵਿਤ ਪਿੰਡ ਵਾਸੀਆਂ ਵੱਲੋਂ ਕਈ ਵਾਰ ਦਰਜ ਕਰਵਾਈਆਂ ਐੱਫਆਈਆਰਜ਼ ਤੇ ਸ਼ਿਕਾਇਤਾਂ ਦੇ ਬਾਵਜੂਦ ਇਸ ਤਬਾਹੀ ਨੂੰ ਰੋਕਣ ਲਈ ਚੁੱਕਿਆ ਕੋਈ ਕਦਮ ਨਜ਼ਰ ਨਹੀਂ ਆਉਂਦਾ। ਇਹ ਨੁਕਸਾਨ ਸਿਰਫ਼ ਆਰਥਿਕ ਨਹੀਂ ਹੈ-ਇਸ ਨੇ ਮੁਕਾਮੀ ਬਸੇਰੇ ਨਸ਼ਟ ਕਰ ਦਿੱਤੇ ਹਨ, ਭਾਈਚਾਰਿਆਂ ਨੂੰ ਉਜਾੜ ਦਿੱਤਾ ਹੈ ਦਿੱਲੀ। ਐੱਨਸੀਆਰ ਦੇ ਵਾਤਾਵਰਨ ਲਈ ਜ਼ਰੂਰੀ ਜ਼ਮੀਨ ਹੇਠਲੇ ਪਾਣੀ ਦੇ ਰਿਚਾਰਜ ਜ਼ੋਨ ਵਿੱਚ ਵੀ ਵਿਘਨ ਪਾ ਦਿੱਤਾ ਹੈ।

ਇਸ ਮਸਲੇ ਨਾਲ ਨਜਿੱਠਣ ਲਈ ਹਰਿਆਣਾ ਨੇ ਹੱਦਬੰਦੀ ਅਤੇ ਰਾਜਸਥਾਨ ਤੋਂ ਨੁਕਸਾਨ ਦੀ ਪੂਰਤੀ ਕਰਨ ਖਾਤਰ 'ਲਾਇਡਰ' ਤਕਨੀਕ ਵਰਤਣ ਦੀ ਯੋਜਨਾ ਬਣਾਈ ਹੈ। ਹਾਲਾਂਕਿ ਅਧਿਕਾਰ ਖੇਤਰ ਦਾ ਇਹ ਟਕਰਾਅ ਕੇਵਲ ਡੂੰਘੀ ਪ੍ਰਸ਼ਾਸਕੀ ਨਾਕਾਮੀ ਨੂੰ ਉਭਾਰਦਾ ਹੈ। ਵਿਵਾਦਾਂ ਨੂੰ ਹੱਲ ਕਰਨ ਅਤੇ ਅਰਾਵਲੀ 'ਚ ਖਣਨ 'ਤੇ ਰੋਕ ਸਬੰਧੀ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਲਾਗੂ ਕਰਨ ਲਈ ਹਰਿਆਣਾ ਤੇ ਰਾਜਸਥਾਨ ਦਰਮਿਆਨ ਸਾਂਝੇ ਯਤਨ ਜ਼ਰੂਰੀ ਹਨ। 2023 ਦਾ ਇੱਕ ਅਧਿਐਨ ਦਿਖਾਉਂਦਾ ਹੈ ਕਿ ਸੰਨ 1975 ਤੋਂ ਬਾਅਦ ਅਰਾਵਲੀ ਦਾ ਕਰੀਬ 8 ਪ੍ਰਤੀਸ਼ਤ ਹਿੱਸਾ ਖ਼ਤਮ ਹੋ ਚੁੱਕਾ ਹੈ। ਸੰਭਾਵਨਾ ਜ਼ਾਹਿਰ ਕੀਤੀ ਗਈ ਹੈ ਕਿ ਜੇ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ ਨੂੰ ਨਾ ਰੋਕਿਆ ਗਿਆ ਤੇ ਮਾਈਨਿੰਗ ਜਾਰੀ ਰਹੀ ਤਾਂ 2059 ਤੱਕ 22 ਪ੍ਰਤੀਸ਼ਤ ਅਰਾਵਲੀ ਗਾਇਬ ਹੋ ਜਾਵੇਗੀ।

ਹਾਲਾਂਕਿ ਰੋਕਥਾਮ ਦੇ ਕਦਮਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਨਜ਼ਰ ਰੱਖਣ ਲਈ ਅਤਿ ਆਧੁਨਿਕ ਤਕਨੀਕ ਵਰਤੀ ਜਾ ਸਕਦੀ ਹੈ, ਸਖ਼ਤ ਸਜ਼ਾ ਦੀ ਤਜਵੀਜ਼ ਰੱਖ ਤੇ ਨਿਗਰਾਨੀ ਤੰਤਰ ਨੂੰ ਮਜ਼ਬੂਤ ਕਰ ਕੇ ਵੀ ਖਣਨ ਕਰਨ ਵਾਲਿਆਂ ਨੂੰ ਹਟਣ ਲਈ ਮਜਬੂਰ ਕੀਤਾ ਜਾ ਸਕਦਾ। ਅਰਾਵਲੀ ਦੀਆਂ ਪਹਾੜੀਆਂ ਲੱਖਾਂ ਪ੍ਰਾਣੀਆਂ ਦੀ ਜੀਵਨ ਰੇਖਾ ਹਨ, ਜੋ ਮਾਰੂਥਲੀਕਰਨ ਤੋਂ ਬਚਾਉਂਦੀਆਂ ਹਨ ਅਤੇ ਵਾਤਾਵਰਨ ਪੱਖੋਂ ਮਹੱਤਵਪੂਰਨ ਇਲਾਕੇ ਦੀ ਰਾਖੀ ਕਰਦੀਆਂ ਹਨ। ਇਸ ਕੁਦਰਤੀ ਖ਼ਜ਼ਾਨੇ ਨੂੰ ਲਾਲਚ ਤੇ ਲਾਪਰਵਾਹੀ ਦੇ ਪੰਜੇ 'ਚੋਂ ਛੁਡਾਉਣ ਲਈ ਫੌਰੀ ਤੇ ਇਕਜੁੱਟ ਯਤਨ ਅਤਿ ਲੋੜੀਂਦੇ ਹਨ।

ਖ਼ਾਲਸਾ ਕਾਲਜ ਤੋਂ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਜਾਇਆ ਗੁਰਮਤਿ ਚੇਤਨਾ ਮਾਰਚ

ਗੜ੍ਹਸ਼ੰਕਰ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਕਾਲਜ ਗੁਰਦੁਆਰਾ ਸਾਹਿਬ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇੰਜ ਸੁਖਮਿੰਦਰ ਸਿੰਘ ਡਾਇਰੈਕਟਰ ਸਿੱਖਿਆ ਦੇ ਆਦੇਸ਼ 'ਤੇ ਗੁਰਮਤਿ ਸਮਾਗਮ ਕਰਵਾਉਣ ਉਪਰੰਤ ਕਾਲਜ ਤੋਂ ਗੁਰਮਤਿ ਚੇਤਨਾ ਮਾਰਚ ਸਜਾਇਆ ਗਿਆ ਜੋ ਸ਼ਹਿਰ ਦੇ ਵੱਖ-ਵੱਖ ਹਿੱਸਿਆ ਤੋਂ ਹੁੰਦਾ ਹੋਇਆ ਗੁਰਦੁਆਰਾ ਸਿੰਘ ਸਭਾ ਵਿਖੇ ਸਮਾਪਤ ਹੋਇਆ। ਕਾਲਜ ਵਿਖੇ ਗੁਰਮਤਿ ਸਮਾਗਮ ਦੌਰਾਨ ਸ੍ਰੀ ਜਪੁਜੀ ਸਾਹਿਬ ਅਤੇ ਸ੍ਰੀ ਚੌਪਈ ਸਾਹਿਬ ਦੇ ਜਾਪ ਉਪਰੰਤ ਵਿਦਿਆਰਥੀ ਪ੍ਰਿੰਸ ਸਿੰਘ ਵਲੋਂ ਕਥਾ ਰਾਹੀਂ ਅਤੇ ਪ੍ਰੋ. ਰਾਏਦੀਪ ਸਿੰਘ ਵਲੋਂ ਸੰਗਤ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ।

ਇਸ ਮੌਕੇ ਸਾਬਕਾ ਵਿਧਾਇਕ ਤੇ ਸ਼੍ਰੋਮਣੀ ਕਮੇਟੀ ਮੈਂਬਰ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸ਼੍ਰੋਮਣੀ ਕਮੇਟੀ ਮੈਂਬਰ ਡਾ. ਜੰਗ ਬਹਾਦਰ ਸਿੰਘ ਰਾਏ ਅਤੇ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਗਿਆਨੀ ਬਲਵੀਰ ਸਿੰਘ ਚੰਗਿਆੜਾ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੇ ਲਾਸਾਨੀ ਸ਼ਹਾਦਤ ਤੇ ਪੰਨਿਆਂ ਨੂੰ ਸਾਂਝਾ ਕੀਤਾ ਸ਼ਹੀਦਾਂ ਦੇ ਇਤਿਹਾਸ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਸਮਾਗਮ ਵਿਚ ਪਹੁੰਚੀਆਂ ਸਖਸ਼ੀਅਤਾਂ ਦਾ ਧੰਨਵਾਦ ਕਰਦੇ ਹੋਏ ਵਿਦਿਆਰਥੀਆਂ ਨੂੰ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਇਤਿਹਾਸ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ। ਸਮਾਗਮ ਦੀ ਸਮਾਪਤੀ ਉਪਰੰਤ ਕਾਲਜ ਤੋਂ ਸਜਾਏ ਗਏ ਗੁਰਮਤਿ ਚੇਤਨਾ ਮਾਰਚ ਵਿਚ ਸਮੂਹ ਸਟਾਫ਼ ਤੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਇਸ ਦੌਰਾਨ ਡਾ. ਹਰਵਿੰਦਰ ਕੌਰ, ਪ੍ਰੋ. ਰਾਏਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਪ੍ਰੋ. ਬਲਦੀਪ ਸਿੰਘ, ਪ੍ਰਿੰਸ ਸਿੰਘ ਅਤੇ ਅਜੀਤ ਸਿੰਘ ਨੇ ਸ਼ਬਦ ਪੜ੍ਹੇ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਅਤੇ ਗੁਰਦੁਆਰਾ ਸਿੰਘ ਸਭਾ ਵਿਖੇ ਸੰਗਤ ਲਈ ਦੁੱਧ ਦਾ ਲੰਗਰ ਵਰਤਾਇਆ ਗਿਆ। ਗੁਰਦੁਆਰਾ ਸਿੰਘ ਸਭਾ ਵਿਖੇ ਗੁਰਮਤਿ ਚੇਤਨਾ ਮਾਰਚ ਦੀ ਸਮਾਪਤੀ ਮੌਕੇ ਗਿਆਨੀ ਬਲਵੀਰ ਸਿੰਘ ਚੰਗਿਆੜਾ ਨੇ ਸਮੂਹ ਕਾਲਜ ਪ੍ਰਬੰਧਕਾਂ, ਸਟਾਫ਼ ਤੇ ਵਿਦਿਆਰਥੀਆਂ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ। ਇਸ ਦੌਰਾਨ ਜੇ.ਪੀ. ਸਿੰਘ, ਇੰਜ. ਪਰਵਿੰਦਰ ਸਿੰਘ, ਤਰਲੋਕ ਸਿੰਘ ਨਾਗਪਾਲ, ਬਲਵੀਰ ਸਿੰਘ ਕਹਾਰਪੁਰੀ, ਡਾ. ਕ੍ਰਿਸ਼ਨ ਬੱਧਣ, ਕੁਲਦੀਪ ਸਿੰਘ, ਬਾਬਾ ਸਤਪਾਲ ਸਿੰਘ ਅੰਮ੍ਰਿਤਸਰੀ, ਅੰਮ੍ਰਿਤਪਾਲ ਸਿੰਘ, ਨਰਿੰਦਰ ਸਿੰਘ, ਜਸਵਿੰਦਰ ਸਿੰਘ, ਤਰਲੋਕ ਸਿੰਘ ਅਰੋੜਾ, ਬੂਟਾ ਸਿੰਘ ਪੁਰੇਵਾਲ, ਕਾਲਜ ਦੇ ਵੱਖ-ਵੱਖ ਵਿਭਾਗਾਂ ਦਾ ਸਟਾਫ਼ ਤੇ ਵਿਦਿਆਰਥੀ ਹਾਜ਼ਰ ਹੋਏ।

ਗੜ੍ਹਸ਼ੰਕਰ 'ਚ ਭਗਵਾਨ ਧਨਵੰਤਰੀ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਪੂਰਵਕ ਮਨਾਇਆ

ਗੜ੍ਹਸ਼ੰਕਰ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਯੂਰਵੈਦਿਕ ਪ੍ਰੈਕਟੀਸ਼ਨਰ ਵੈਲਫੇਅਰ ਐਸੋਸੀਏਸ਼ਨ ਰਜਿਸਟਰਡ ਗੜ੍ਹਸ਼ੰਕਰ ਵਲੋਂ ਪਿਛਲੇ ਸਾਲਾ ਦੀ ਤਰਾ ਇਸ ਸਾਲ ਵੀ ਭਗਵਾਨ ਧਨਵੰਤਰੀ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਪੂਰਵਕ ਨੰਗਲ ਰੋਡ ਪਿੰਡ ਸਦਰਪੁਰ ਵਿੱਖੇ ਮਨਾਇਆ ਗਿਆ। ਜਿਸ ਦੀ ਅਗਵਾਈ ਵੈਦ ਜੋਗਿੰਦਰ ਸਿੰਘ ਸਰਪਰਸਤ ਅਤੇ ਵੈਦ ਹਰਭਜਨ ਸਿੰਘ ਮੈਹਿਮੀ ਪ੍ਰਧਾਨ ਜੀ ਨੇ ਕੀਤੀ। ਇਸ ਸਮਾਗਮ ਦੇ ਮੁੱਖ ਮਹਿਮਾਨ ਸਰਦਾਰ ਜੈ ਕਿਸ਼ਨ ਸਿੰਘ ਰੌੜੀ ਐਮ ਐਲ ਏ ਹਲਕਾ ਗੜ੍ਹਸ਼ੰਕਰ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਸਨ। ਓਹਨਾਂ ਨਾਲ ਚਰਨਜੀਤ ਸਿੰਘ ਚੰਨੀ ਓ.ਐਸ.ਡੀ ਹਾਜਿਰ ਸਨ । ਪੰਜਾਬ ਵੈਦ ਮੰਡਲ ਦੇ ਪ੍ਰਧਾਨ ਵੈਦ ਜਨਕ ਰਾਜ ਸਰਮਾ ਵੈਦ ਸੁਮਨ ਸੂਦ ਧਨਵੰਤਰੀ ਮੰਡਲ ਹੁਸ਼ਿਆਰਪੁਰ ,ਪੰਜਾਬ ਬਾਡੀ ਵਿਸੇਸ਼ ਤੌਰ ਤੇ ਪਹੁੰਚੀ। ਵੈਦ ਮੈਹਿਮੀ ਨੇ ਆਪਣੀਆ ਮੰਗਾਂ ਵਾਸਤੇ ਜਾਣੂ ਕਰਵਾਇਆ ਅਤੇ ਕਿਹਾ ਕਿ ਵੈਦਾ ਨੂੰ ਪੰਜਾਬ ਵਿਚ ਰਜਿਸਟਰਡ ਕਰਕੇ ਕੰਮ ਕਰਨ ਦਾ ਅਧਿਕਾਰ ਦਿੱਤਾ ਜਾਵੇ। ਵੈਦ ਜਨਕ ਰਾਜ ਸਰਮਾ ਨੇ ਵਿਚਾਰ ਰੱਖੇ ਅਤੇ ਮੁੱਖ ਮੰਤਰੀ ਸ .ਭਗਵੰਤ ਸਿੰਘ ਮਾਨ ਨਾਲ ਸਾਡੀਆਂ ਮੰਗਾਂ ਵਾਸਤੇ ਵਿਚਾਰ ਕੀਤਾ ਜਾਵੇ। ਸਰਦਾਰ ਜੈ ਕਿਸ਼ਨ ਸਿੰਘ ਰੌੜੀ ਸਾਹਿਬ ਨੇ ਸਾਰੀਆਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਅਤੇ ਕਿਹਾ ਮੁੱਖ ਮੰਤਰੀ ਸਾਹਿਬ ਨਾਲ ਤੁਹਾਡੀ ਜਲਦੀ ਮੀਟਿੰਗ ਕਰਵਾ ਦਿੱਤੀ ਜਾਵੇਗੀ ਤਾ ਕਿ ਤੁਹਾਡੇ ਮਸਲੇ ਦਾ ਹੱਲ ਹੋ ਜਾਵੇ। ਇਸ ਸਮੇ ਸਟੇਜ ਦੀ ਭੂਮਿਕਾ ਵੈਦ ਹਰਭਜਨ ਸਿੰਘ ਸੈਕਟਰੀ ਸਰਪੰਚ ਪਿੰਡ ਸਹੂੰਗੜਾ ਨੇ ਬਾਖੂਬੀ ਨਿਭਾਈ। ਇਸ ਮੌਕੇ ਵੈਦ ਰਾਮ ਲਾਲ,ਵੈਦ ਅਜ਼ਮੇਰ ਸਿੰਘ, ਵੈਦ ਕਿਸ਼ਨ ਸਿੰਘ ਬੱਧਣ,ਵੈਦ ਮੋਹਿੰਦਰ ਪਾਲ , ਵੈਦ ਅਸ਼ਵਨੀ ਕੁਮਾਰ, ਵੈਦ ਸੁਰੇਸ਼ ਵਿੱਜ, ਵੈਦ ਮਨਪ੍ਰੀਤ ਸੂਦ, ਵੈਦ ਰਾਮ ਲਾਲ ਕਟਾਰੀਆ , ਵੈਦ ਓਂਕਾਰ ਨਾਥ, ਵੈਦ ਜੋਗਿੰਦਰ ਸਿੰਘ , ਵੈਦ ਕਸ਼ਮੀਰ ਸਿੰਘ, ਵੈਦ ਕੁਲਦੀਪ ਸਿੰਘ, ਵੈਦ ਸਾਬਰ ਅਲੀ , ਵੈਦ ਨਿਰਮਲ ਸਿੰਘ, ਵੈਦ ਕੁਲਦੀਪ ਸਿੰਘ ਟੱਬਾ, ਵੈਦ ਜਸਮਿੰਦਰ ਪਾਲ ਰਤਨ , ਵੈਦ ਗੁਰਮੁੱਖ ਸਿੰਘ , ਵੈਦ ਰਘੁਵੀਰ ਸਿੰਘ, ਵੈਦ ਲਖਵਿੰਦਰ ਸਿੰਘ, ਵੈਦ ਹਰਜੀਤ ਸਿੰਘ ਮੌਜੂਦ ਸਨ।

ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਸ਼ਹੀਦੀ ਹਫ਼ਤੇ ਨੂੰ ਸਮਰਪਿਤ ਧਾਰਮਿਕ ਸਮਾਗਮ

ਸ੍ਰੀ ਆਨੰਦਪੁਰ ਸਾਹਿਬ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ਼੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਹੀਦੀ ਹਫਤੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਏ ਗਏ ਜਿਸ ਵਿਚ ਵਿਦਿਆਰਥੀਆਂ ਨੇ ਕਵਿਤਾਵਾਂ, ਕਵੀਸ਼ਰੀ ਅਤੇ ਭਾਸ਼ਣ ਰਾਹੀਂ ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ। ਉਸ ਤੋਂ ਉਪਰੰਤ ਵਿਦਿਆਰਥੀਆਂ ਦੇ ਸੁੰਦਰ ਲਿਖਾਈ ਅਤੇ ਰੰਗ ਭਰੋ ਮੁਕਾਬਲੇ ਕਰਵਾਏ ਗਏ।

ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ। ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਅਨੰਦਪੁਰ ਸਾਹਿਬ ਛੱਡਣ ਦਾ ਇਤਿਹਾਸ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਮੈਡਮ ਬਲਦੀਪ ਕੌਰ ਨੇ ਸਟੇਜ ਸਕੱਤਰ ਦੀ ਭੂਮਿਕਾ ਬਖੂਬੀ ਨਿਭਾਈ। ਇਸ ਮੌਕੇ ਡਰਾਇੰਗ ਅਧਿਆਪਕ ਰਵਿੰਦਰ ਸਿੰਘ, ਸਿੱਖ ਵਿਦਵਾਨ ਭਾਈ ਮਨਦੀਪ ਸਿੰਘ, ਭਾਈ ਤੇਜਪਾਲ ਸਿੰਘ, ਨਿਸ਼ਾ ਗਰਗ, ਨਰਿੰਦਰ ਕੌਰ, ਹਰਜੀਤ ਕੌਰ, ਸਪਨਾ ਰਾਣੀ, ਸੰਦੀਪ ਕੌਰ, ਰਵੀਇੰਦਰ ਕੌਰ, ਕੰਵਲਜੀਤ ਕੌਰ, ਰਜਿੰਦਰ ਕੌਰ, ਸ਼ਾਂਤੀ ਦੇਵੀ, ਆਂਸ਼ੂ, ਜਸਪ੍ਰੀਤ ਕੌਰ, ਸਤਿੰਦਰ ਕੌਰ, ਮਮਤਾ ਦੇਵੀ, ਅਮਰਜੀਤ ਕੌਰ, ਮਨਜੀਤ ਕੌਰ, ਕਰਮਜੀਤ ਕੌਰ ਆਦਿ ਹਾਜ਼ਰ ਸਨ।

ਝਾੜ ਸਾਹਿਬ ਤੋਂ ਚੱਲੇ ਨਗਰ ਕੀਰਤਨ ਦਾ ਮਾਛੀਵਾੜਾ ਸਾਹਿਬ ਪੁੱਜਣ 'ਤੇ ਸ਼ਾਨਦਾਰ ਸਵਾਗਤ

ਮਾਛੀਵਾੜਾ ਸਾਹਿਬ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ ਇਤਿਹਾਸਿਕ ਤੇ ਪਵਿੱਤਰ ਧਰਤੀ ਝਾੜ ਸਾਹਿਬ ਤੋਂ ਚੱਲ ਕੇ ਵੱਖ-ਵੱਖ ਪਿੰਡਾਂ ਤੋਂ ਹੁੰਦਾ ਹੋਇਆ ਮਾਛੀਵਾੜਾ ਸਾਹਿਬ ਦੀ ਪਵਿੱਤਰ ਤੇ ਇਤਿਹਾਸ ਧਰਤੀ ਉੱਤੇ ਪੁੱਜਾ ਜਿੱਥੇ ਥਾਂ ਥਾਂ ਦੇ ਉੱਤੇ ਸੰਗਤਾਂ ਵੱਲੋਂ ਉਹਨਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਰਸਤੇ ਵਿੱਚ ਥਾਂ ਥਾਂ ਤੇ ਖੜੀਆਂ ਸੰਗਤਾਂ ਵੱਲੋਂ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜਾਂ ਪਿਆਰਿਆਂ ਅਤੇ ਪਾਲਕੀ ਸਾਹਿਬ ਤੇ ਫੁੱਲਾਂ ਦੀ ਵਰਖਾ ਕਰਦਿਆਂ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ ਤੇ ਨਗਰ ਕੀਰਤਨ ਦਾ ਸਵਾਗਤ ਕੀਤਾ। ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜਾ ਪਿਆਰਿਆਂ ਨੂੰ ਸਿਰੋਪਾਓ ਪਾ ਕੇ ਸਵਾਗਤ ਕੀਤਾ ਗਿਆ।

ਝਾੜ ਸਾਹਿਬ ਤੋਂ ਚੱਲੇ ਨਗਰ ਕੀਰਤਨ ਦਾ ਮਾਛੀਵਾੜਾ ਪੁੱਜਣ ਤੇ ਹੀ ਸੰਗਤਾਂ ਵੱਲੋਂ ਮਾਛੀਵਾੜੇ ਦਾ ਸਾਲਾਨਾ ਜੋੜ ਮੇਲ ਸ਼ੁਰੂ ਹੋ ਗਿਆ, ਵੱਖ-ਵੱਖ ਪਿੰਡਾਂ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਥਾਂ-ਥਾਂ ਤੇ ਸੰਗਤਾਂ ਦੇ ਲਈ ਸਾਦੇ ਲੰਗਰਾਂ ਦੇ ਖਾਸ ਤੌਰ ਤੇ ਪ੍ਰਬੰਧ ਕੀਤੇ ਗਏ । ਜੋੜ ਮੇਲ ਦੇ ਪਹਿਲੇ ਦਿਨ ਹੀ ਵੱਡੀ ਗਿਣਤੀ ਵਿੱਚ ਸੰਗਤਾਂ ਮਾਛੀਵਾੜਾ ਸਾਹਿਬ ਦੇ ਇਤਿਹਾਸਿਕ ਅਤੇ ਪਵਿੱਤਰ ਸਥਾਨ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਨਤਮਸਤਕ

ਮਿੰਨੀ ਕਹਾਣੀ

ਕਰਮਾਂ ਵਾਲੀ

ਪ੍ਰਤੀਕ ਨੇ ਦਫ਼ਤਰ 'ਚੋਂ ਸਿੱਧਾ ਘਰ ਜਾਣ ਦੀ ਬਜਾਏ ਬਜ਼ਾਰ ਚੋਂ ਕੁਝ ਮਿਠਾਈਆਂ ਤੇ ਫਲ ਖਰੀਦ ਕੇ ਗੱਡੀ ਬਿਰਧ ਆਸ਼ਰਮ ਵੱਲ ਮੋੜ ਲਈ। ਉਹ ਮਨ ਹੀ ਮਨ ਸੋਚ ਰਿਹਾ ਸੀ ਕਿ ਉਸ ਦੀ ਮਾਂ ਉਸ ਨੂੰ ਪੂਰੇ ਸਾਲ ਬਾਅਦ ਵੇਖ ਕੇ ਬੜਾ ਖ਼ੁਸ਼ ਹੋਵੇਗੀ। ਹੋਇਆ ਵੀ ਇਓਂ ਹੀ ਜਦੋਂ ਪ੍ਰਤੀਕ ਨੇ ਮਾਂ ਕੋਲ ਜਾ ਕੇ ਮਾਂ ਕਹਿ ਕੇ ਨਮਸਕਾਰ ਬੁਲਾਈ ਤਾਂ ਮਾਂ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ। ਉਸ ਨੇ ਪੁੱਤ ਨੂੰ ਘੁੱਟ ਕੇ ਗਲਵਕੜੀ 'ਚ ਲੈ ਲਿਆ। ਉਸ ਨੂੰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਚਿਰਾਂ ਦੀ ਗਵਾਚੀ ਚੀਜ਼ ਲੱਭ ਗਈ ਹੋਵੇ। ਪ੍ਰਤੀਕ ਨੇ ਮਿਠਾਈ ਤੇ ਫਲਾਂ ਦਾ ਲਿਫ਼ਾਫ਼ਾ ਕੋਲ ਰੱਖਦਿਆਂ ਕੁਝ ਸਮੇਂ ਬਾਅਦ ਕਿਹਾ ਕਿ ਘਰ ਲਈ ਲੇਟ ਹੋ ਰਿਹਾ, ਬੱਚੇ ਇੰਤਜ਼ਾਰ ਕਰਦੇ ਹੋਣਗੇ।

ਕੋਲ ਬੈਠੀ ਬਜ਼ੁਰਗ ਔਰਤ ਨੇ ਪ੍ਰਤੀਕ ਨੂੰ ਸਵਾਲੀਆ ਅੰਦਾਜ਼ 'ਚ ਆਖਿਆ ਕਿ ਇਹ ਤੇਰੀ ਬੁੜੀ ਮਾਂ ਵੀ ਤਾਂ ਪੂਰੇ ਵਰ੍ਹੇ ਦੀ ਤੇਰੀ ਰਾਹ ਦੇਖ ਰਹੀ ਹੈ। ਉਸ ਦੀ ਗੱਲ ਕੱਟਦਿਆਂ ਪ੍ਰਤੀਕ ਦੀ ਮਾਂ ਨੇ ਕਿਹਾ ਕਿ ਕੋਈ ਨਾ ਭੈਣੇ ਉਨ੍ਹਾਂ ਮਾਪਿਆਂ ਤੋਂ ਤਾਂ ਕਿਤੇ ਕਰਮਾਂ ਵਾਲੀ ਹਾਂ, ਜਿਨ੍ਹਾਂ ਦੀ ਔਲਾਦ ਮਰ ਮੁੱਕ ਜਾਂਦੀ ਏ। ਦਿਲ ਨੂੰ ਤਸੱਲੀ ਤਾਂ ਹੈ ਵੀ ਮੇਰਾ ਪੁੱਤ ਵੀ ਹੈ ਇਸ ਜਗਾ 'ਤੇ। ਇਸ ਗੱਲ ਨੇ ਪ੍ਰਤੀਕ ਦੇ ਦਿਲ 'ਤੇ ਅਜਿਹਾ ਅਸਰ ਕਰਿਆ ਕਿ ਉਸ ਦੀਆਂ ਅੱਖਾਂ 'ਚ ਪਾਣੀ ਆ ਗਿਆ। ਉਹ ਮਨ ਹੀ ਮਨ ਸੋਚ ਰਿਹਾ ਸੀ ਕਿ ਮੈਂ ਸੱਚ-ਮੁੱਚ ਜਿਉਂਦਾ ਹਾਂ? ਉਹ ਭੱਜ ਕੇ ਕਮਰੇ 'ਚੋਂ ਉੱਠਿਆ ਤੇ ਬਿਰਧ ਆਸ਼ਰਮ ਵਾਲਿਆਂ ਕੋਲ ਕਾਗ਼ਜ਼ ਪੱਤਰ ਦੀ ਕਾਰਵਾਈ ਪੂਰੀ ਕਰ ਕੇ ਮਾਂ ਨੂੰ ਆਪਣੇ ਨਾਲ ਚੱਲਣ ਲਈ, ਗੱਡੀ 'ਚ ਬੈਠਣ ਲਈ ਕਿਹਾ। ਮਾਂ ਦੇ ਹੰਝੂ ਰੋਕਿਆਂ ਨਹੀਂ ਸੀ ਰੁਕ ਰਹੇ। ਓਧਰ ਜਿਓਂ ਹੀ ਘਰ ਦੇ ਗੇਟ 'ਤੇ ਆ ਕੇ ਪ੍ਰਤੀਕ ਨੇ ਹਾਰਨ ਵਜਾਇਆ ਤਾਂ ਘਰਵਾਲੀ ਨੇ ਗੇਟ ਖੋਲ੍ਹਿਆ ਜਿਓਂ ਹੀ ਪ੍ਰਤੀਕ ਗੱਡੀ 'ਚੋਂ ਉਤਰਨ ਲੱਗਿਆ ਤਾਂ ਉਸ ਦੀ ਪਤਨੀ ਨੇ ਖਿਝ ਕੇ ਕਿਹਾ 'ਕਿੱਧਰ ਮਰਨ ਗਿਆ ਸੀ, ਕਿਹੜਾ ਵੇਲਾ ਹੋ ਗਿਆ।

ਪ੍ਰਤੀਕ ਨੇ ਗੱਡੀ 'ਚੋਂ ਮਾਂ ਨੂੰ ਬਾਹਰ ਕੱਢਦਿਆਂ ਕਿਹਾ ਕਿ ਹੁਣ ਤਕ ਮਰਿਆ ਹੀ ਹੋਇਆ ਸੀ। ਅੱਜ ਤਾਂ ਮੈਂ ਜਿਉਂਦਾ ਹੋ ਕੇ ਆਇਆ ਹਾਂ। ਇਹ ਕਹਿ ਕੇ ਪ੍ਰਤੀਕ ਮਾਂ ਨੂੰ ਸੋਢੇ ਦਾ ਸਹਾਰਾ ਦਿੰਦਾ ਹੋਇਆ ਕਮਰੇ ਵੱਲ ਲੈ ਗਿਆ।

• **ਹਰਪ੍ਰੀਤ ਕੌਰ ਘੁੰਨਸ,** *ਮੋਬਾ. : 97795-20194*

ਗ਼ਜ਼ਲਾਂ

ਵੇਖਦਾ ਹਾਂ ਬੇਕਸੂਰ 'ਤੇ ਜਦੋਂ ਜ਼ੁਲਮ ਹੁੰਦਾ।
ਰਿਸਦਾ ਮੇਰੇ ਸੀਨੇ 'ਚ ਵੀ ਜ਼ਖ਼ਮ ਹੁੰਦਾ।

ਖੋਲ ਰਿਹੈ ਮੇਰੇ ਜਿਸਮ ਦਾ ਸਿਦਕ,
ਰੋਕ ਦਿੰਦਾ ਨਫ਼ਸ ਜੇਕਰ ਦਮ ਹੁੰਦਾ।

ਬਣ ਰਿਹੈ ਦੁਸ਼ਮਣ ਇਨਸਾਨ ਦਾ ਬੇਈਮਾਨ
ਰਿਸ਼ਤਾ ਮੁਹੱਬਤ ਦਾ ਪਵਿੱਤਰ ਨਜ਼ਮ ਹੁੰਦਾ।

ਪੰਛੀ ਵੀ ਆਪਸ ਵਿਚ ਕਰਨ ਗੁਫ਼ਤਗੂ,
ਸਿਤਮ ਦਫ਼ਨ ਕਰਨਾ ਇਨਸਾਨ ਦਾ ਧਰਮ ਹੁੰਦਾ।

ਜਿਨ੍ਹਾਂ ਦੀ ਬਦੌਲਤ ਮਾਣ ਰਹੇ ਹਾਂ ਅਜ਼ਾਦੀ,
ਕਦਰ ਕਰੀਏ ਕੁਝ ਸਾਡਾ ਵੀ ਕਰਮ ਹੁੰਦਾ।

• **ਮੇਜਰ ਸਿੰਘ ਰਾਜਗੜ੍ਹ,** *ਮੋਬਾਈਲ : 98766-64204*

ਮੋਹਖੋਰਾ ਤੇ ਬੀਬਾ ਲੇਖਕ ਸੀ ਬੰਤ ਸਿੰਘ ਚੱਠਾ

ਨਿਰੰਜਣ ਬੋਹਾ

ਮੋਬਾਈਲ : 89682-82700

ਬੰਤ ਸਿੰਘ ਚੱਠਾ ਜਿੰਨਾ ਮੋਹਖੋਰਾ ਬੰਦਾ ਸੀ ਓਨਾ ਹੀ ਕੋਰਾ ਕਰਾਰਾ ਵੀ। ਜੇ ਕਿਸੇ ਕਾਰਨ ਉਹ ਵਿਗੜ ਜਾਂਦਾ ਤਾਂ ਛੇਤੀ ਕੀਤਿਆਂ ਸੂਤ ਨਾ ਆਉਂਦਾ। ਉਸ ਦੇ ਪਿਆਰ ਵਿਚ ਬੱਚਿਆਂ ਜਿਹੀ ਮਾਸੂਮੀਅਤ ਤੇ ਨਿਰਛਲਤਾ ਸੀ ਪਰ ਵਿਗੜਣ 'ਤੇ ਉਹ ਹੈਂਕੜਖੋਰ ਬਣ ਜਾਂਦਾ। ਪਿਆਰ ਨਾਲ ਤੋਰੋ ਤਾਂ ਉਹ ਸੈਂਕੜੇ ਮੀਲ ਤੁਹਾਡੇ ਨਾਲ ਤੁਰਨ ਲਈ ਤਿਆਰ ਪਰ ਕੋਈ ਰੋਹਬ ਨਾਲ ਗੱਲ ਕਰੇ ਤਾਂ ਇਕ ਪੈਰ ਵੀ ਨਾ ਪੁੱਟਦਾ ਤੇ ਨਾ ਹੀ ਕਿਸੇ ਟ੍ਰੈਂਡੀ ਲਾਟ ਦੀ ਪਰਵਾਹ ਕਰਦਾ ਸੀ...

'ਯਾਰ ਬੋਹੇ ! ਬੰਤ ਸਿੰਘ ਚੱਠਾ ਤੇਰੇ ਨਾਲ ਬਹੁਤ ਨਰਾਜ਼ ਐ, ਉਹ ਤਾਂ ਤੈਨੂੰ ਗਾਲ੍ਹਾਂ ਕੱਢਦੈ। ਸਾਡੇ ਸਾਂਝੇ ਦੋਸਤ ਕਹਾਣੀਕਾਰ ਦਰਸ਼ਨ ਜੋਗਾ ਨੇ ਇਕ ਦਿਨ ਮਿਲਣ 'ਤੇ ਮੈਨੂੰ ਦੱਸਿਆ ਤੇ ਮੇਰੀ ਪ੍ਰਤੀਕਿਰਿਆ ਜਾਣਨ ਲਈ ਮੇਰੇ ਮੂੰਹ ਵੱਲ ਵੇਖਣ ਲੱਗਾ'। 'ਬਾਈ ਜਿਹੜੇ ਬੰਦੇ ਨਾਲ ਨੇੜਤਾ ਹੁੰਦੀ ਐ ਉਹ ਨਰਾਜ਼ ਵੀ ਹੁੰਦੇ ਤੇ ਗਾਲ੍ਹਾਂ ਵੀ ਉਹੀ ਕੱਢਦੈ। ਨਹੀਂ ਕਿਵੇਂ ਕੋਈ ਖਾ ਲੂ ਕਿਸੇ ਤੋਂ ਗਾਲ੍ਹਾਂ'। ਜੋਗੇ ਦੀ ਗੱਲ ਸੁਣ ਕੇ ਮੈਂ ਮੁਸਕਰਾ ਪਿਆ ਸਾਂ ਤੇ ਉਸ ਦੀਆਂ ਆਦਤਾਂ ਤੋਂ ਜਾਣੂ ਉਹ ਮੇਰੀ ਮੁਸਕਰਾਹਟ ਦੇ ਜਵਾਬ ਵਿਚ ਕੇਵਲ ਮੁਸਕਰਾਇਆ ਹੀ ਨਹੀਂ ਸਗੋਂ ਹੱਸਣ ਵੀ ਲੱਗ ਪਿਆ ਸੀ।

ਦਰਸ਼ਨ ਜੋਗਾ ਦੇ ਦੱਸਣ ਤੋਂ ਪਹਿਲਾਂ ਵੀ ਮੈਨੂੰ ਪਤਾ ਸੀ ਕਿ ਬੰਤ ਸਿੰਘ ਚੱਠਾ ਮੇਰੇ ਨਾਲ ਨਰਾਜ਼ ਹੈ। ਭਲਾ ਉਹ ਇਸ ਗੱਲ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਮੈਂ ਉਸ ਦੇ ਪਿੰਡ ਤੋਂ ਕੇਵਲ ਚਾਰ ਕੁ ਕਿਲੋ ਮੀਟਰ ਦੂਰ ਭੁੱਚੋ ਮੰਡੀ ਆਪਣੇ ਸਹੁਰੇ ਆ ਕੇ ਉਸ ਨੂੰ ਬਿਨਾਂ ਮਿਲੇ ਮਿਲ ਵਾਪਸ ਚੱਲਿਆ ਗਿਆ ਹੋਵਾਂ, ਜਦੋਂ ਕਿ ਉਹ ਮੈਨੂੰ ਆਪਣੇ ਨਵੇਂ ਮਕਾਨ ਦੀ ਉਸਾਰੀ ਦੀ ਸੂਚਨਾ ਵੀ ਫੋਨ 'ਤੇ ਦੇ ਚੁੱਕਾ ਸੀ। ਫਿਰ ਉਸ ਦਾ ਨਵਾਂ ਨਾਵਲ ਵੀ ਤਾਂ ਆਇਆ ਸੀ ਪਰ ਮੈਂ ਆਪਣੇ ਹੀ ਰੁਝੇਵਿਆਂ ਵਿਚ ਉਲਝਿਆ ਉਸ ਨੂੰ ਫੋਨ 'ਤੇ ਵਧਾਈ ਵੀ ਤਾਂ ਨਹੀਂ ਦੇ ਸਕਿਆ।

ਮੈਨੂੰ ਇਹ ਯਕੀਨ ਸੀ ਕਿ ਚੱਠਾ ਮੇਰੇ ਨਾਲ ਨਰਾਜ਼ ਤਾਂ ਹੋ ਸਕਦਾ ਹੈ ਪਰ ਲੰਮਾ ਸਮਾਂ ਨਰਾਜ਼ ਰਹਿ ਨਹੀਂ ਸਕਦਾ। ਫਿਰ ਉਸ ਨੂੰ ਮਨਾਉਣ ਦਾ ਗੁਰ ਵੀ ਤਾਂ ਮੈਨੂੰ ਆਉਂਦਾ ਸੀ। ਭੁੱਚੋ ਗਿਆ ਤਾਂ ਬਿਨਾਂ ਉਸ ਨੂੰ ਸੂਚਨਾ ਦਿੱਤੇ ਪੁਹਲੀ ਪਹੁੰਚ, ਉਸ ਦੇ ਘਰ ਦੀ ਬੈੱਲ ਜਾ ਖੜਕਾਈ। ਕਿੱਧਰ ਗਈ ਉਸ ਦੀ ਨਰਾਜ਼ਗੀ ਤੇ ਕਿੱਧਰ ਗਿਆ ਉਸ ਦਾ ਗੁੱਸਾ। ਉਸ ਦੀ ਜੱਫੀ ਦਾ ਨਿੱਘ ਮੈਨੂੰ ਅਹਿਸਾਸ ਕਰਵਾ ਰਿਹਾ ਸੀ ਕਿ ਉਸ ਦਾ ਮੇਰੇ ਪ੍ਰਤੀ ਪਿਆਰ ਤਾਂ ਅਸਲੀ ਹੈ ਪਰ ਨਰਾਜ਼ਗੀ ਬਿਲਕੁਲ ਨਕਲੀ।

ਬੰਤ ਸਿੰਘ ਚੱਠਾ ਜਿੰਨਾ ਮੋਹਖੋਰਾ ਬੰਦਾ ਸੀ ਓਨਾ ਹੀ ਕੋਰਾ ਕਰਾਰਾ ਵੀ ਸੀ। ਜੇ ਇਕ ਵਾਰ ਕਿਸੇ ਕਾਰਨ ਉਹ ਵਿਗੜ ਜਾਂਦਾ ਤਾਂ ਛੇਤੀ ਕੀਤਿਆਂ ਸੂਤ ਨਾ ਆਉਂਦਾ। ਉਸ ਦੇ ਪਿਆਰ ਵਿਚ ਬੱਚਿਆਂ ਜਿਹੀ ਮਾਸੂਮੀਅਤ ਤੇ ਨਿਰਛਲਤਾ ਹੈ ਪਰ ਵਿਗੜਣ 'ਤੇ ਉਹ ਹੈਂਕੜਖੋਰ ਵੀ ਬਣ ਜਾਂਦਾ ਹੈ। ਪਿਆਰ ਨਾਲ ਤੋਰੋ ਤਾਂ ਉਹ ਸੈਂਕੜੇ ਮੀਲ ਤੁਹਾਡੇ ਨਾਲ ਤੁਰਨ ਲਈ ਤਿਆਰ ਹੈ ਪਰ ਕੋਈ ਰੋਹਬ ਨਾਲ ਗੱਲ ਕਰੇ ਤਾਂ ਇਕ ਪੈਰ ਵੀ ਨਾ ਪੁੱਟਦਾ ਤੇ ਨਾ ਹੀ ਕਿਸੇ ਟ੍ਰੈਂਡੀ ਲਾਟ ਦੀ ਪਰਵਾਹ ਕਰਦਾ ਸੀ। ਚੱਠੇ ਨਾਲ ਮੇਰੀ ਸਾਂਝ ਬਹੁਤ ਪੁਰਾਣੀ ਹੈ। ਜਦੋਂ ਮੈਂ ਅਲੜ੍ਹ ਜਿਹੀ ਉਮਰੇ ਪਿਆਰ ਕਵਿਤਾਵਾਂ ਲਿਖ ਲਿਖ ਕਾਪੀਆਂ ਭਰਦਾ ਰਹਿਣਾ ਸਾਂ ਤਾਂ ਉਸ ਵੇਲੇ ਉਹ ਬੋਹਾ ਦੇ ਨੇੜਲੇ ਪਿੰਡ ਰਾਮਪੁਰ ਮੰਡੇਰ ਦੇ ਸਕੂਲ ਵਿਚ ਅਧਿਆਪਕ ਸੀ ਤੇ ਉਸ ਦੀਆਂ ਦੋ ਕਹਾਣੀਆਂ ਦੀਆਂ ਕਿਤਾਬਾਂ 'ਗੁਲਾਬ ਦੇ ਫੁੱਲ' ਤੇ 'ਤੂੰ ਝੂਠ ਬੋਲਿਆ ਸੀਂ' ਵੀ ਛਪ ਚੁੱਕੀਆਂ ਸਨ। ਕਿਸੇ ਨਵੇਂ ਤੇ ਸਿਖਾਂਦਰੂ ਲੇਖਕ ਲਈ ਦੋ ਕਿਤਾਬਾਂ ਦਾ ਲੇਖਕ ਵਿਸ਼ੇਸ਼ ਖਿਚ ਰੱਖਦਾ ਹੈ ਤੇ ਇਸ ਖਿੱਚ ਕਾਰਨ ਹੀ ਮੈਂ ਸਿਰਦੇ ਸਿਰਦੇ ਆਪਣੀਆਂ ਕਵਿਤਾਵਾਂ ਦੀ ਡਾਇਰੀ ਲੈ ਕੇ ਉਸ ਕੋਲ ਗਿਆ ਸਾਂ। ਉਸ ਮੈਨੂੰ ਥਾਪੜਾ ਤਾਂ ਦਿੱਤਾ ਨਾਲੇ ਕਵਿਤਾ ਲਿਖਣ ਲਈ ਕੁਝ ਜ਼ਰੂਰੀ ਨੁਕਤੇ ਵੀ ਦੱਸੇ ਸਨ। ਉਸ ਦੇ ਸੁਝਾਅ 'ਤੇ ਹੀ ਮੈਂ ਪਿਆਰ ਕਵਿਤਾਵਾਂ ਦੇ ਨਾਲ ਤੇ ਲੋਕਾਂ ਦੇ ਦੁੱਖਾਂ-ਦਰਦਾਂ ਦੀ ਬਾਤ ਪਾਉਂਦੀਆਂ ਕਵਿਤਾਵਾਂ ਲਿਖਣ ਦੀ ਕੋਸ਼ਿਸ਼ ਵੀ ਕਰਨ ਲੱਗ ਪਿਆ ਸਾਂ। ਮੇਰੇ ਤੇ ਚੱਠੇ ਵਿਚਕਾਰ ਪਹਿਲਾਂ ਗੁਰੂ ਚੇਲੇ ਵਾਲੇ ਸਬੰਧ ਸਨ ਪਰ ਜਿਉਂ ਜਿਉਂ ਮੈਂ ਸਾਹਿਤ ਦੇ ਖੇਤਰ ਨਾਲ ਗੰਭੀਰਤਾ ਨਾਲ ਜੁੜਦਾ ਗਿਆ ਸਾਡੇ ਸਬੰਧ ਵੀ ਦੋਸਤਾਨਾ ਹੁੰਦੇ ਗਏ।

ਚੱਠਾ ਰਾਮ ਪੁਰ ਮੰਡੇਰ ਤੋਂ ਬਦਲੀ ਕਰਵਾਕੇ ਆਪਣੇ ਪਿੰਡ ਪੂਹਲੀ ਵੱਲ ਚੱਲਿਆ ਗਿਆ ਤੇ ਰੋਜ਼ੀ ਰੋਟੀ ਦਾ ਚੱਕਰ ਮੈਨੂੰ ਬਾਘੇਪਰਾਣੇ ਲੈ ਗਿਆ। ਅਸੀਂ ਕਦੇ ਕਦਾਈ ਸਾਹਿਤਕ ਸਮਾਗਮਾਂ 'ਤੇ ਜ਼ਰੂਰ ਮਿਲਦੇ ਪਰ ਪਹਿਲਾਂ ਵਾਗ ਨਹੀਂ ਬੱਸ ਰਸਮੀ ਜਿਹੀ ਮੁਲਾਕਾਤ ਹੀ ਹੁੰਦੀ ਸੀ ਸਾਡੀ। 1982 ਵਿਚ ਮੇਰਾ ਵਿਆਹ ਭੁੱਚੋ ਮੰਡੀ ਵਿਚ ਹੋ ਗਿਆ ਤਾਂ ਸਾਡੇ ਮਿਲਦੇ ਰਹਿਣ ਦਾ ਵੀ ਨਵਾਂ ਸਬੱਬ ਬਣ ਗਿਆ। ਸਹੁਰੇ ਜਾਂਦਾ ਤਾਂ ਦੋ ਤਿੰਨ ਘੰਟੇ ਚੱਠੇ ਕੋਲ ਵੀ ਲਾ ਆਉਂਦਾ। ਅਸੀਂ ਸਾਹਿਤ ਤੇ ਸਾਹਿਤਕਾਰਾਂ ਬਾਰੇ ਕਿਨੀਆਂ ਹੀ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਤੇ ਆਪਣੀਆਂ ਰਚਨਾਵਾਂ ਵੀ ਇਕ ਦੂਜੇ ਨੂੰ ਸੁਣਾ ਕੇ ਉਨ੍ਹਾਂ 'ਤੇ ਚਰਚਾ ਕਰਦੇ। ਚੱਠੇ ਬਾਈ ਤੈਨੂੰ ਕਹਾਣੀਆਂ ਦੀਆਂ ਦੋ ਕਿਤਾਬਾਂ ਛਪਵਾਇਆਂ ਮੁਦਤਾਂ ਬੀਤ ਗਈਆਂ ਹਨ। ਅਖ਼ਬਾਰਾਂ, ਮੈਗਜ਼ੀਨਾਂ ਵਿਚ ਕਹਾਣੀਆਂ ਛਪਵਾ, ਸਾਂਭ ਰੱਖਣ ਨਾਲ ਕਿਸੇ ਨੇ ਇਨ੍ਹਾਂ ਦਾ ਗੰਭੀਰ ਨੋਟਿਸ ਨਹੀਂ ਲੈਣਾ। ਇਨ੍ਹਾਂ ਨੂੰ ਕਿਤਾਬੀ ਰੂਪ ਕਿਉਂ ਨਹੀਂ ਦਿੰਦੇ ਤੁਸੀਂ? ਉਸ ਨੂੰ ਮੇਰਾ ਸੁਆਲ ਸੀ।

ਬੋਹੇ ਯਾਰ ਕਿਤਾਬਾਂ ਛਪਵਾਉਣ ਬਾਰੇ ਮੈਨੂੰ ਬਹੁਤਾ ਤਜਰਬਾ ਨਹੀਂ। ਮੇਰਾ ਇਹ ਕੰਮ ਵੀ ਤੂੰ ਹੀ ਕਰ। ਕਹਾਣੀਆਂ ਦੀ ਇਕ ਇਕ ਕਾਪੀ ਮੈਂ ਸਾਂਭੀ ਹੋਈ ਹੈ, ਤੂੰ ਲੈ ਜਾ ਤੇ ਜਿੱਥੇ ਮਰਜ਼ੀ ਛਪਵਾ। 'ਜਿਹੜਾ ਬੋਲੇ ਉਹੀ ਕੁੰਡਾ ਖੋਲ੍ਹੇ' ਅਨੁਸਾਰ ਉਸ ਕਿਤਾਬ ਛਪਵਾਉਣ ਦੀ ਸਾਰੀ ਜ਼ਿੰਮੇਵਾਰੀ ਵੀ ਮੇਰੇ 'ਤੇ ਹੀ ਪਾ ਦਿੱਤੀ।

ਉਸ ਦੇ ਤੀਸਰੇ ਕਹਾਣੀ ਸੰਗ੍ਰਿਹ 'ਸ਼ਹਿਰ ਨਾ ਜਾਹ' ਦਾ ਖਰੜਾ ਮੈਂ ਉਸੇ ਦਿਨ ਲੈ ਲਿਆ। ਦੋ ਤਿੰਨ ਦਿਨ ਬਾਅਦ ਮੈਂ ਉਸ ਨੂੰ ਮਾਨਸਾ ਦਰਸ਼ਨ ਮਿਤਵੇ ਦੇ ਘਰ ਆਉਣ ਦਾ ਸੱਦਾ ਦੇ ਦਿੱਤਾ। ਅਸੀਂ ਉਸ ਵੇਲੇ ਉਡਾਨ ਪ੍ਰਕਾਸ਼ਨ ਦੇ ਬੈਨਰ ਹੇਠ ਕਿਤਾਬਾਂ ਛਾਪਦੇ ਕਹਾਣੀਕਾਰ ਦਰਸ਼ਨ ਮਿਤਵਾ ਨੂੰ ਉਸ ਦਾ ਖਰੜਾ ਫੜਾਇਆ ਤਾਂ ਉਹ ਖ਼ੁਸ਼ ਹੋ ਕੇ ਬੋਲਿਆ, 'ਚੱਠਾ ਸਾਹਿਬ ਤੁਸੀਂ ਬਹੁਤ ਪੁਰਾਣੇ ਤੇ ਵਧੀਆ ਕਹਾਣੀਕਾਰ ਹੋ। ਤੁਹਾਡੀਆਂ ਤਾਂ ਹੁਣ ਨੂੰ ਕਈ ਕਿਤਾਬਾਂ ਆ ਜਾਣੀਆ ਚਾਹੀਦੀਆ ਸਨ। ਇਸ ਤਰ੍ਹਾਂ ਉਸ ਦੀ ਤੀਜੀ ਕਿਤਾਬ ਛਪ ਗਈ। ਨਿਰੋਲ ਨਸ਼ਿਆਂ ਦੇ ਵਿਸ਼ੇ ਨਾਲ ਸਬੰਧਤ ਕਹਾਣੀਆਂ ਦੀ ਇਸ ਕਿਤਾਬ ਨੂੰ ਪਾਠਕਾਂ ਵੱਲੋਂ ਇੰਨਾਂ ਹੁੰਗਾਰਾ ਮਿਲਿਆ ਕਿ ਉਸ ਨੂੰ ਲੱਗਣ ਲੱਗਾ ਕਿ ਇੰਨਾਂ ਸਮਾਂ ਕੋਈ ਕਿਤਾਬ ਨਾ ਛਪਵਾ ਕੇ ਉਸ ਭਾਰੀ ਗ਼ਲਤੀ ਕੀਤੀ ਹੈ। ਬੱਸ ਫਿਰ ਕੀ ਸੀ, ਉਹ ਕਿਤਾਬਾਂ ਛਪਵਾਉਣ ਦੇ ਅਜਿਹਾ ਰਾਹ ਪਿਆ ਕਿ ਇਕ ਸਾਲ ਵਿਚ ਉਸ ਦੀਆਂ ਦੋ ਕਿਤਾਬਾਂ ਛਪਣ ਲੱਗੀਆਂ। ਹੁਣ ਕਹਾਣੀ ਲਿਖਦਾ ਲਿਖਦਾ ਉਹ ਵੱਡ ਅਕਾਰੀ ਨਾਵਲ ਲਿਖਣ ਲੱਗ ਪਿਆ। ਉਸ ਦੇ ਨਾਵਲ 'ਨਦੀ ਵਹਿੰਦੀ ਰਹੀ', 'ਤਿਨ ਕੁੜੀਆਂ', 'ਹਨੇਰੀ ਰਾਤ ਦੇ ਤਾਰੇ' ਤੇ 'ਪਹਿਲਾਂ ਪਾਣੀ ਜਿਉ ਹੈਂ' ਮੇਰੀ ਨਜ਼ਰ ਵਿੱਚੋਂ ਲੰਘ ਕੇ ਹੀ ਪ੍ਰਕਾਸ਼ਕ ਤਕ ਪਹੁੰਚੇ। ਦਰਸ਼ਨ ਮਿਤਵਾ ਤਾਂ ਉਸ ਦੀ ਪਹਿਲੀ ਕਿਤਾਬ ਪ੍ਰੈਸ ਵਿੱਚੋਂ ਆਉਣ ਤੋਂ ਪਹਿਲਾਂ ਹੀ ਇਸ ਦੁਨੀਆ ਤੋਂ ਤੁਰ ਗਏ ਪਰ ਬਾਅਦ ਵਿਚ ਉਸ ਦੀ ਪ੍ਰਕਾਸ਼ਨ ਨੂੰ ਸੰਭਾਲਣ ਵਾਲੇ ਉਸ ਦੇ ਭਤੀਜੇ ਸੰਜੀਵ ਮਿਤਵਾ ਨਾਲ ਚੱਠੇ ਨੇ

ਯਾਰੀ ਪਾ ਲਈ। ਹੁਣ ਉਸ ਨੂੰ ਕਿਤਾਬਾਂ ਛਪਵਾਉਣ ਦਾ ਪੂਰਾ ਤਜਰਬਾ ਹੋ ਗਿਆ ਸੀ। ਭਾਵੇਂ ਉਡਾਨ ਪ੍ਰਕਾਸ਼ਨ ਤੋਂ ਬਿਨਾਂ ਉਸ ਸੰਗਮ ਪਬਲਿਕੇਸਨਜ਼ ਸਮਾਣਾ ਤੋਂ ਵੀ ਦੋ ਤਿੰਨ ਕਿਤਾਬਾਂ ਛਪਵਾਈਆ ਪਰ ਉਸ ਦੀ ਪੱਕੀ ਯਾਰੀ ਹੁਣ ਵੀ ਸੰਜੀਵ ਮਿਤਵਾ ਨਾਲ ਹੀ ਸੀ।

ਆਪਣੇ ਛੇ ਫੁੱਟ ਲੰਮੇ ਕੱਦ ਕਾਰਨ ਚੱਠਾ ਪੰਜਾਬੀ ਲੇਖਕਾਂ ਵਿੱਚੋਂ ਦੂਰੋਂ ਹੀ ਪਛਾਣਿਆਂ ਜਾਂਦਾ ਸੀ। ਜਦੋਂ ਉਹ ਸਾਹਿਤਕਾਰਾਂ ਨਾਲ ਕਿਸੇ ਵਿਸ਼ੇ 'ਤੇ ਬਹਿਸ ਰਿਹਾ ਹੁੰਦਾ ਤਾਂ ਹੀ ਉਹ ਸਾਹਿਤਕਾਰ ਜਾਪਦਾ ਨਹੀਂ ਤਾਂ ਆਪਣੇ ਪੁੱਤਰ ਤੇਜਵੰਤ ਚੱਠਾ (ਜੋ ਕੌਮੀ ਪੱਧਰ ਦਾ ਵੇਟ ਲਿਫਟਰ ਹੈ) ਦੇ ਨਾਲ ਖੇਤਾਂ ਵਿਚ ਕੰਮ ਕਰਦਾ ਪੂਰਾ ਕਿਸਾਨ ਹੀ ਹੁੰਦਾ ਸੀ। ਆਧੁਨਿਕ ਢੰਗ ਤਰੀਕਿਆਂ ਨਾਲ ਖੇਤੀਬਾੜੀ ਕਰਨ ਦਾ ਸੌਕ ਉਸ ਦੇ ਹੱਡੀ ਰਚਿਆ-ਮਿਚਿਆ ਸੀ। ਘਰੇ ਖਾਣ ਜੋਗੀਆਂ ਸਾਰੀਆਂ ਸਬਜ਼ੀਆਂ ਉਹ ਆਪਣੇ ਖੇਤ ਹੀ ਉਗਾਉਂਦਾ। ਖੇਤ ਵਿਚ ਕੰਮ ਨਾ ਵੀ ਹੋਵੇ, ਸਵੇਰੇ ਸ਼ਾਮ ਸੈਰ ਦੇ ਬਹਾਨੇ ਉਹ ਖੇਤ ਗੇੜਾ ਮਾਰਨਾ ਨਹੀਂ ਭੁੱਲਦਾ। ਜੇ ਕੋਈ ਲੇਖਕ ਦੋਸਤ ਉਸ ਨੂੰ ਮਿਲਣ ਆਵੇ ਤਾਂ ਉਸ ਨੂੰ ਵੀ ਖੇਤ ਲੈ ਤੁਰਦਾ। ਕਈ ਵਾਰ ਤਾਂ ਉਹ ਆਪਣੇ ਸਾਹਿਤਕਾਰ ਦੋਸਤਾਂ ਨੂੰ ਬੁਲਾ ਕੇ ਖੇਤ ਦੇ ਕਮਰੇ ਵਿਚ ਹੀ ਸਾਹਿਤਕ ਮਹਿਫ਼ਲ ਲਾ ਲੈਂਦਾ ਸੀ। ਘਰ ਆਏ ਲੇਖਕਾਂ ਦੀ ਸੇਵਾ ਉਹ ਉਨ੍ਹਾਂ ਨੂੰ ਰੱਬ ਸਮਝ ਕੇ ਹੀ ਕਰਦਾ ਸੀ।

ਪਿੱਛੇ ਜਿਹੇ ਉਸ 'ਤੇ ਟਾਈਫਾਇਡ ਦੇ ਬੁਖ਼ਾਰ ਨੇ ਜ਼ੋਰਦਾਰ ਹਮਲਾ ਕਰ ਦਿੱਤਾ। ਮੈਂ ਸ੍ਰੀਮਤੀ ਸਮੇਤ ਉਸ ਦਾ ਪਤਾ ਲੈਣ ਗਿਆ। ਬੁਖ਼ਾਰ ਨੇ ਉਸ ਦਾ ਸਾਰਾ ਸਰੀਰ ਝੰਬ ਦਿੱਤਾ ਸੀ ਤੇ ਉਸ ਦਾ ਭਾਰ ਪੰਦਰਾਂ ਕਿਲੋ ਦੇ ਲਗਪਗ ਘੱਟ ਗਿਆ। ਉਹ ਅਰਾਮ ਕਰ ਰਿਹਾ ਸੀ ਕਿ ਮੈਂ ਚਾਣਚੱਕ ਉਸ ਨੂੰ ਜਾ ਜਗਾਇਆ। ਮੈਨੂੰ ਵੇਖ ਕੇ ਉਹ ਕੇ ਉੱਠ ਕੇ ਬੈਠ ਗ

ਇੰਦਰੀ ਵਿਧਾਨਸਭਾ ਖੇਤਰ ਨੂੰ ਮਿਲੀ ਵਿਕਾਸ ਪਰਿਯੋਜਨਾਵਾਂ ਦੀ ਸੌਗਾਤ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 11 ਕਰੋੜ ਰੁਪਏ ਦੀ ਲਾਗਤ ਦੀ ਕੁੱਲ 4 ਪਰਿਯੋਜਨਾਵਾਂ ਦਾ ਕੀਤਾ ਉਦਘਾਟਨ ਤੇ ਨੀਂਹ ਪੱਥਰ

- ਮਹਾਗ੍ਰਾਮ ਯੋਜਨਾ ਤਹਿਤ ਪਿੰਡ ਸੰਗੀਹਾ ਤੇ ਸੰਘੋਈ ਵਿਚ ਪੇਯਜਲ, ਸੀਵਰੇਜ ਟ੍ਰੀਟਮੇਂਟ ਪਲਾਂਟ ਤੇ ਸੀਵਰੇਜ ਲਾਇਨ ਵਿਛਾਉਣ ਦੇ ਕੰਮ 'ਤੇ ਖਰਚ ਹੋਣਗੇ 24 ਕਰੋੜ ਰੁਪਏ
- ਇੰਦਰੀ ਵਿਚ ਛੱਠ ਪੂਜਾ ਘਾਟ ਬਨਾਉਣ, ਪੀਡਬਲਿਯੂਡੀ ਅਤੇ ਮੰਡੀ ਬੋਰਡ ਦੀ ਸੜਕਾਂ ਦੇ ਨਵੀਨੀਕਰਣ ਲਈ 10 ਕਰੋੜ ਰੁਪਏ ਅਤੇ 5 ਕਰੋੜ ਰੁਪਏ ਦੀ ਰਕਮ ਦੇਣ ਦਾ ਐਲਾਨ

ਚੰਡੀਗੜ੍ਹ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਇੰਦਰੀ ਵਿਧਾਨਸਭਾ ਖੇਤਰ ਨੂੰ ਵਿਕਾਸ ਪਰਿਯੋਜਨਾਵਾਂ ਦੀ ਸੌਗਾਤ ਦਿੰਦੇ ਹੋਏ ਲਗਭਗ 11 ਕਰੋੜ 33 ਲੱਖ ਰੁਪਏ ਦੀ ਲਾਗਤ ਦੀ ਕੁੱਲ 4 ਪਰਿਯੋਜਨਾਵਾਂ ਦਾ ਉਦਘਾਟਨ ਤੇ ਨੀਂਹ ਪੱਥਰ ਰੱਖਿਆ। ਇੰਨ੍ਹਾਂ ਵਿਚ ਮੁਗਲ ਮਾਜਰਾ ਪਿੰਡ ਵਿਚ 33 ਕੇਵੀ ਸਬ-ਸਟੇਸ਼ਟ ਅਤੇ ਮਟਕ ਮਾਜਰੀ ਪਿੰਡ ਵਿਚ ਸਵੀਮਿੰਗ ਪੂਲ ਦਾ ਉਦਘਾਟਨ ਸ਼ਾਮਿਲ ਹੈ। ਇੰਨ੍ਹਾਂ 'ਤੇ 9 ਕਰੋੜ 41 ਲੱਖ ਰੁਪਏ ਦੀ ਲਾਗਤ ਆਈ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਬੀਬੀਪੁਰ ਜਾਟਾਨ ਤੇ ਦਨਿਆਲਪੁਰ ਦੇ ਉਪ ਸਿਹਤ ਕੇਂਦਰ ਦਾ ਨੀਂਹ ਪੱਥਰ ਰੱਖਿਆ। ਇੰਨ੍ਹਾਂ 'ਤੇ 1 ਕਰੋੜ 28 ਲੱਖ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਜਿਲ੍ਹਾ ਕਰਨਾਲ ਦੇ ਇੰਦਰੀ ਵਿਧਾਨਸਭਾ ਖੇਤਰ ਵਿਚ ਪ੍ਰਬੰਧਿਤ ਖੇਤਰਵਾਦ ਪ੍ਰੋਗ੍ਰਾਮ ਨੂੰ ਸੰਬੋਧਿਤ ਕਰਦੇ ਹੋਏ ਇੰਦਰੀ ਹਲਕਾਵਾਸੀਆਂ ਲਈ ਐਲਾਨਾਂ ਦੀ ਝੜੀ ਲਗਾਈ। ਉਨ੍ਹਾਂ ਨੇ ਐਲਾਨ ਕਰਦੇ ਹੋਏ ਕਿਹਾ ਕਿ ਮਹਾਗ੍ਰਾਮ ਯੋਜਨਾ ਤਹਿਤ ਸੰਗੀਹਾ ਤੇ ਸੰਘੋਈ ਵਿਚ ਪੇਯਜਲ੍ਹ, ਸੀਵਰੇਜ ਟ੍ਰੀਟਮੈਂਟ ਪਲਾਂਟ ਤੇ ਸੀਵਰੇਜ ਲਾਇਨ ਵਿਛਾਉਣ ਦਾ ਕੰਮ ਤੇਜੀ ਨਾਲ ਕੀਤਾ ਜਾਵੇਗਾ, ਇਸ 'ਤੇ 24 ਕਰੋੜ ਰੁਪਏ ਦੀ ਲਾਗਤ ਆਵੇਗੀ।

ਮੁੱਖ ਮੰਤਰੀ ਨੇ ਇੰਦਰੀ ਵਿਚ ਛਠ ਪੂਜਾ ਘਾਟ ਬਨਾਉਣ, ਪੀਡਬਲਿਯੂਡੀ ਦੀ ਸੜਕਾਂ ਦੀ ਨਵੀਨੀਕਰਣ ਲਈ 10 ਕਰੋੜ ਰੁਪਏ ਅਤੇ ਮੰਡੀ ਬੋਡਰ ਦੀ ਸੜਕਾਂ ਦੇ ਨਵੀਨੀਕਰਣ ਲਈ 5 ਕਰੋੜ ਰੁਪਏ ਦੀ ਰਕਮ ਦੇਣ ਦਾ ਐਲਾਨ ਕੀਤਾ। ਨਾਲ ਹੀ, ਇੰਦਰੀ ਹਲਕੇ ਦੇ ਸਕੂਲਾਂ ਦੇ ਨਵੀਨੀਕਰਣ ਅਤੇ ਉਨ੍ਹਾਂ ਦੇ ਰੱਖ ਰਖਾਵ ਲਈ 5 ਕਰੋੜ ਰੁਪਏ ਦੇਣ ਦਾ ਵੀ ਐਲਾਨ ਕੀਤਾ।

ਮੁੱਖ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਬੜਾ ਪਿੰਡ ਦੇ ਸਬ-ਸੈਂਟਰ ਨੂੰ ਪੀਐਚਸੀ ਵਿਚ ਅਪਗ੍ਰੇਡ ਕੀਤਾ ਜਾਵੇਗਾ।

ਹਰਬਲ ਪਾਰਕ ਦੇ ਵਿਸਤਾਰ ਅਤੇ ਸੁੰਦਰੀਕਰਣ ਦਾ ਕੰਮ ਤੇਜੀ ਨਾਲ ਕੀਤਾ ਜਾਵੇਗਾ। ਧਨੋਰਾ ਏਸਕੇਪ ਵਿਚ ਪਾਣੀ ਦੇ ਕਾਰਨ ਪ੍ਰਭਾਵਿਤ ਹੋਣ ਵਾਲੇ ਪਿੰਡਾਂ ਦੀ ਸਮਸਿਆ ਦਾ ਵੀ ਹੱਲ ਕੀਤਾ ਜਾਵੇਗਾ, ਤਾਂ ਜੋ ਜਲਭਰਾਵ ਦੇ ਕਾਰਨ ਫਸਲਾਂ ਦਾ ਨੁਕਸਾਨ ਨਾ ਹੋਵੇ।

ਇਸ ਤੋਂ ਇਲਾਵਾ, ਗੂੜਾ ਇੰਦਰੀ ਵਿਚ ਵਾਰਡ ਨੰਬਰ 10, 11, 12, 13 ਵਿਚ ਲੋਕਾਂ ਨੂੰ ਮਾਲਿਕਾਨਾ ਹੱਕ ਦੇਣ ਦੇ ਸਬੰਧ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਇਸ ਦਾ ਨਿਰੀਖਣ ਕਰ ਕੇ ਨਿਯਮ ਅਨੁਸਾਰ ਹੱਲ ਕੱਢਣ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇੰਦਰੀ-ਜੈਨਪੁਰ ਰੋਡ ਤੋਂ ਇੰਦਰੀ ਖੇੜਾ ਰੋਡ ਤਕ ਇੰਦਰੀ ਏਸਕੇਪ ਡ੍ਰੇਨ ਦੇ ਨਾਲ 2.5 ਕਿਲੋਮੀਟਰ ਦੇ ਕੱਚੇ ਰਸਤੇ ਨੂੰ ਪੱਕਾ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਇੰਦਰੀ ਏਸਕੇਪ 'ਤੇ ਵੀਆਰ ਬ੍ਰਿਜ ਬਣਾਇਆ ਜਾਵੇਗਾ ਅਤੇ ਪੁਰਾਣੇ ਪੁੱਲ ਦਾ ਨਵੀਨੀਕਰਣ ਵੀ ਕੀਤਾ ਜਾਵੇਗਾ। ਇੰਦਰੀ ਏਸਕੇਪ 'ਤੇ ਆਰਡੀ 0-5200 ਤੋਂ ਦਾਯੀਂ ਅਤੇ ਰਸਤੇ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇੰਦਰੀ ਬਾਈਪਾਸ ਨੂੰ ਫੋਰਲੇਨ ਕਰਨ ਲਈ ਡਿਜੀਬਿਲਿਟੀ ਚੈਕ ਕਰਵਾ ਕੇ ਇਸ ਕੰਮ ਨੂੰ ਕਰਵਾਇਆ ਜਾਵੇਗਾ।

ਮੁੱਖ ਮੰਤਰੀ ਨੇ ਉਪਰੋਕਤ ਐਲਾਨਾਂ ਤੋਂ ਇਲਾਵਾ, ਇੰਦਰੀ ਦੇ ਵਿਕਾਸ ਕੰਮਾਂ ਲਈ ਵੱਖ ਤੋਂ 5 ਕਰੋੜ ਰੁਪਏ ਦੇਣ ਦਾ ਵੀ ਐਲਾਨ ਕੀਤਾ।

ਇਸ ਮੌਕੇ 'ਤੇ ਵਿਧਾਇਕ ਰਾਮ ਕੁਮਾਰ ਕਸ਼ਪ ਸਮੇਤ ਹੋਰ ਮਾਣਯੋਗ ਮਹਿਮਾਨ ਮੌਜੂਦ ਸਨ।

ਕੈਬੀਨੇਟ ਮੰਤਰੀ ਅਨਿਲ ਵਿਜ ਨਾਲ ਮਿਲੇ ਪੱਤਰਕਾਰ

ਚੰਡੀਗੜ੍ਹ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੱਤਰਕਾਰਾਂ ਦਾ ਸੰਗਠਨ 'ਮੀਡੀਆ ਵੇਲ ਬੀਇੰਗ ਏਸੋਸਇਏਸ਼ਨ' ਦੀ ਨਵੇਂ ਗਠਨ ਅੰਬਾਲਾ ਜਿਲ੍ਹੇ ਦੀ ਯੂਨਿਟ ਦੇ ਮੈਂਬਰ ਸੋਮਵਾਰ ਨੂੰ ਹਰਿਆਣਾ ਦੇ ਟ੍ਰਾਂਸਪੋਰਟ, ਉਰਜਾ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨਾਲ ਮਿਲੇ। ਇਸ ਮੌਕੇ 'ਤੇ ਪੱਤਰਕਾਰਾਂ ਅਤੇ ਮੰਤਰੀ ਸ੍ਰੀ ਵਿਜ ਦੇ ਵਿੱਚ ਕਈ ਮਹਤੱਵਪੂਰਨ ਵਿਸ਼ਿਆਂ 'ਤੇ ਗਲਬਾਤ ਹੋਈ।

ਕੈਬੀਨੇਟ ਮੰਤਰੀ ਸ੍ਰੀ ਅਨਿਲ ਵਿਜ ਨੇ ਮੀਡੀਆਂ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਦੱਸਦੇ ਹੋਏ ਕਿਹਾ ਕਿ ਓਕਰ ਇਹ ਚੌਥਾ ਥੰਮ੍ਹ ਆਪਣੀ ਇਮਾਨਦਾਰ ਭੂਮਿਕਾ ਅਦਾ ਕਰੇ ਤਾਂ ਹਰ ਬਦਲਾਅ ਵਿਚ ਆਪਣੀ ਮਜਬੂਤ ਮੌਜੂਦਗੀ ਅਤੇ ਤਾਕਤ ਨੂੰ ਸਾਬਿਤ ਕਰ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਪੱਤਰਕਾਰ ਸਮਾਜ ਵਿਚ ਕਈ ਵੱਡੀ ਘਟਨਾਵਾਂ ਦਾ ਖੁਲਾਸਾ ਕਰਨ ਵਿਚ ਮਦਦ ਕਰਦੇ ਹਨ ਅਤੇ ਸਰਕਾਰ ਅਤੇ ਪ੍ਰਸ਼ਾਸ਼ਨ ਲਈ ਅੱਖਾਂ ਅਤੇ ਕੰਨ ਦੀ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਹਮੇਸ਼ਾ ਪੱਤਰਕਾਰਾਂ ਦੀ ਮਹਤੱਵਤਾ ਨੂੰ ਸਮਝਿਆ ਅਤੇ ਉਨ੍ਹਾਂ ਦੀ ਆਵਾਜ ਨੂੰ ਬੁਲੰਦ ਕੀਤਾ। ਉਨ੍ਹਾਂ ਨੇ ਆਪਣੀ ਜਿਮੇਵਾਰੀ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਹ ਅੱਗੇ ਵੀ ਪੱਤਰਕਾਰਾਂ ਨੂੰ ਮਜਬੂਤ ਵਕਾਲਤ ਕਰਦੇ ਰਹਿਣਗੇ।

ਇਸ ਮੌਕੇ 'ਤੇ ਸੰਸਥਾ ਦੇ ਚੇਅਰਮੈਨ ਚੰਦਰਸ਼ੇਖਰ ਧਰਨੀ, ਪ੍ਰਧਾਨ ਰਾਜੀਵ ਰਿਸ਼ੀ, ਮਹਾਸਕੱਤਰ ਚੰਦਰ ਮੋਹਨ ਮੋਹੰਦੀਰਤਾ ਅਤੇ ਹੋਰ ਪੱਤਰ ਮੌਜੂਦ ਸਨ।

ਵਿਵੇਕਾਨੰਦ ਸਕੂਲ, ਸ਼ਿਵਾਲਿਕ ਵਿਹਾਰ ਨਵਾਂਗਾਓਂ ਵਿਖੇ ਪਹਿਲਾ ਬੇਬੀ-ਸ਼ੋਅ ਦਾ ਸਫ਼ਲ ਆਯੋਜਨ ਕੀਤਾ ਗਿਆ

ਚੰਡੀਗੜ੍ਹ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਵੇਕਾਨੰਦ ਸਕੂਲ ਸ਼ਿਵਾਲਿਕ ਵਿਹਾਰ, ਨਵਾਂਗਾਓਂ ਵਿੱਚ ਸਕੂਲ ਮੈਨੇਜਮੈਂਟ ਵੱਲੋਂ ਪਹਿਲਾ ਬੇਬੀ - ਸ਼ੋਅ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਸਕੂਲ ਸਟਾਫ਼ ਅਤੇ ਕਿਸੇ ਵੀ ਵਿਦਿਆਰਥੀ ਨੂੰ ਮੁਕਾਬਲੇ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਗਈ, ਸਾਰੇ ਭਾਗੀਦਾਰ ਸਿਰਫ਼ ਇਲਾਕੇ ਦੇ ਹੀ ਸਨ। ਜਿਸ ਵਿੱਚ 60 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਮੁੱਖ ਮਹਿਮਾਨ ਡਾ: ਵਿਮਲ ਤਾਰੀਖਾ ਅਤੇ ਸ੍ਰੀਮਤੀ ਪੂਨਮ ਬਿਜ ਸਨ। ਡਾ: ਵਿਮਲ ਤਾਰੀਖਾ ਨੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਦੀ ਸਿਹਤ ਜਾਂਚ ਵੀ ਕੀਤੀ ਅਤੇ ਸਭ ਤੋਂ ਵਧੀਆ ਅਤੇ ਸਿਹਤਮੰਦ ਬੱਚਿਆਂ ਨੂੰ ਇਨਾਮ ਵੀ ਦਿੱਤੇ। ਜਿਸ ਵਿੱਚ ਤਿੰਨ ਗਰੁੱਪ ਸਨ- 0 ਤੋਂ 1 ਸਾਲ, 1 ਤੋਂ 2 ਸਾਲ, 2 ਤੋਂ 3 ਸਾਲ, 0 ਤੋਂ 1 ਸਾਲ ਗਰੁੱਪ ਦੇ ਜੇਤੂ ਇਸ ਪ੍ਰਕਾਰ ਹਨ। ਪਹਿਲਾ ਇਨਾਮ ਯੂਰਾਹ ਨੇਗੀ, ਦੂਜਾ ਇਨਾਮ ਪਰੀਸ਼ਾ ਬਿਸ਼ਟ ਅਤੇ ਤੀਜਾ ਇਨਾਮ ਸਪਰਸ਼ ਨੂੰ ਗਿਆ। ਉਸ ਤੋਂ ਬਾਅਦ 1 ਤੋਂ 2 ਸਾਲ ਦੇ ਗਰੁੱਪ ਦੇ ਜੇਤੂ ਇਸ ਪ੍ਰਕਾਰ ਹਨ। ਪਹਿਲਾ ਇਨਾਮ ਵਨਿਆ ਰਾਣਾ, ਦੂਜਾ ਇਨਾਮ ਵੇਦਾਕਸ਼ੀ ਅਤੇ ਤੀਜਾ ਇਨਾਮ ਸ਼ਿਤਿਜ ਨੂੰ ਮਿਲਿਆ। ਫਿਰ ਸਾਲ 2 ਤੋਂ 3 ਗਰੁੱਪਾਂ ਦੇ ਜੇਤੂ ਇਸ ਪ੍ਰਕਾਰ ਹਨ। ਪਹਿਲਾ ਇਨਾਮ ਸੀਰਤ, ਦੂਜਾ ਇਨਾਮ ਗੁਰੀਸ਼ਾ ਅਤੇ ਤੀਜਾ ਇਨਾਮ ਗਨੀਸ਼ਕਾ ਨੂੰ ਦਿੱਤਾ ਗਿਆ। ਵਿਵੇਕਾਨੰਦ ਸਕੂਲ ਸ਼ਿਵਾਲਿਕ ਵਿਹਾਰ, ਨਯਾਗਾਂਵ ਦੇ ਪ੍ਰਿੰਸੀਪਲ ਡਾ ਸਤੀਸ਼ ਮਨੋਚਾ ਨੇ ਸਾਰੇ ਜੇਤੂਆਂ ਨੂੰ ਇਨਾਮ ਵੰਡੇ। ਇਸ ਤੋਂ ਇਲਾਵਾ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਦਿਲਾਸਾ ਇਨਾਮ ਵੀ ਦਿੱਤੇ ਗਏ। ਅੰਤ ਵਿੱਚ ਮੁੱਖ ਮਹਿਮਾਨ ਡਾ: ਵਿਮਲ ਤਾਰੀਖਾ ਨੇ ਬੱਚਿਆਂ ਦੀਆਂ ਮਾਵਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਕੁਝ ਨੁਕਤੇ ਦੱਸੇ ਤਾਂ ਜੋ ਉਹ ਬੱਚਿਆਂ ਦੀ ਸਿਹਤ ਦਾ ਚੰਗੀ ਤਰ੍ਹਾਂ ਖਿਆਲ ਰੱਖ ਸਕਣ ਅਤੇ ਬੱਚਿਆਂ ਨੂੰ ਤੰਦਰੁਸਤ ਰੱਖਣ ਲਈ ਮਾਪਿਆਂ ਨੂੰ ਸਲਾਹ ਵੀ ਦਿੱਤੀ ਗਈ। ਕੁੱਲ ਮਿਲਾ ਕੇ ਬੇਬੀ-ਸ਼ੋਅ ਦੀ ਇਹ ਪਹਿਲੀ ਕੋਸ਼ਿਸ਼ ਸਫਲ ਰਹੀ, ਲੋਕਾਂ ਨੇ ਕਿਹਾ ਕਿ ਇਲਾਕੇ ਵਿੱਚ ਅਜਿਹੇ ਸਮਾਗਮ ਲਗਾਤਾਰ ਹੋਣੇ ਚਾਹੀਦੇ ਹਨ। ਵਿਵੇਕਾਨੰਦ ਸਕੂਲ, ਸ਼ਿਵਾਲਿਕ ਵਿਹਾਰ, ਨਯਾਗਾਂਵ ਦੇ ਪ੍ਰਿੰਸੀਪਲ ਡਾ: ਸਤੀਸ਼ ਮਨੋਚਾ ਦੀ ਇਲਾਕੇ ਦੇ ਲੋਕਾਂ ਹਰ ਕਿਸੇ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਪੱਧਰੀ ਯੁਵਾ ਉਤਸਵ ਦਾ ਆਯੋਜਨ ਕੀਤਾ ਗਿਆ

ਗੁਰਦਾਸਪੁਰ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਹਿਰੂ ਯੁਵਾ ਕੇਂਦਰ ਗੁਰਦਾਸਪੁਰ, ਯੁਵਾ ਮਾਮਲੇ ਤੇ ਖੇਡ ਮੰਤਰਾਲਾ, ਭਾਰਤ ਸਰਕਾਰ ਵੱਲੋਂ 23 ਦਸੰਬਰ, 2024 ਨੂੰ ਪੰਡਿਤ ਮੋਹਨ ਲਾਲ ਐੱਸ.ਡੀ. ਕਾਲਜ ਫੋਰ ਵੂਮੈਨ ਵਿਖੇ ਜ਼ਿਲ੍ਹਾ ਪੱਧਰੀ ਯੁਵਾ ਉਤਸਵ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਡਾ. ਕਰਮਜੀਤ ਸਿੰਘ, ਐੱਸ.ਡੀ.ਐੱਮ ਗੁਰਦਾਸਪੁਰ ਸ਼ਾਮਲ ਹੋਏ।

ਪ੍ਰੋਗਰਾਮ ਵਿੱਚ ਪ੍ਰਤੀਯੋਗੀਆਂ ਨੇ 2047 ਤੱਕ ਭਾਰਤ ਦੇਸ਼ ਨੂੰ ਵਿਸ਼ਵ ਗੁਰੂ ਬਣਾਉਣ ਦੇ ਪੰਜ ਪ੍ਰਣ ਨੂੰ ਮੁੱਖ ਰੱਖਦੇ ਹੋਏ ਸੱਤ ਤਰ੍ਹਾਂ ਦੀਆਂ ਗਤੀਵਿਧੀਆਂ ਦਾ ਪ੍ਰਦਰਸ਼ਨ ਕੀਤਾ, ਜਿਨ੍ਹਾਂ ਵਿੱਚ ਸਾਇੰਸ ਮੇਲਾ (ਗਰੁੱਪ ਅਤੇ ਇਕੱਲੇ ਪ੍ਰਤੀਭਾਗ), ਭਾਸ਼ਣ ਮੁਕਾਬਲੇ, ਕਵਿਤਾ ਲੇਖਣ ਮੁਕਾਬਲੇ, ਮੋਬਾਈਲ ਫ਼ੋਟੋਗਰਾਫੀ ਮੁਕਾਬਲੇ, ਪੋਂਟਿੰਗ ਮੁਕਾਬਲੇ ਅਤੇ ਲੋਕ ਨਾਚ ਮੁਕਾਬਲੇ ਕਰਵਾਏ ਗਏ। ਪ੍ਰੋਗਰਾਮ ਵਿਚ ਆਯੋਜਿਤ ਕੀਤੇ ਗਏ ਭਾਸ਼ਣ ਅਤੇ ਕਵਿਤਾ ਲੇਖਣ ਮੁਕਾਬਲੇ ਵਿੱਚ ਪ੍ਰਤੀਯੋਗੀਆਂ ਨੇ ਭਾਰਤ ਦੇਸ਼ ਨੂੰ ਹੋਰ ਉੱਨਤ ਅਤੇ ਵਿਸ਼ਵ ਗੁਰੂ ਬਣਨ ਦੇ ਰਾਹ ਤੇ ਚੱਲਣ ਲਈ ਆਪਣੇ ਵਿਚਾਰ ਪੇਸ਼ ਕੀਤੇ। ਉਸਦੇ ਨਾਲ ਹੀ ਪੇਂਟਿੰਗ ਕੰਪੀਟੀਸ਼ਨ ਵਿੱਚ ਵਿਦਿਆਰਥੀਆਂ ਨੇ ਆਪਣੇ ਵਿਚਾਰਾਂ ਨੂੰ ਡਰਾਇੰਗ ਦੇ ਮਾਧਿਅਮ ਰਾਹੀਂ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਦੀ ਆਪਣੀ ਕਲਾ ਪੇਸ਼ ਕੀਤੀ। ਇਸ ਦੇ ਨਾਲ ਹੀ ਲੋਕ ਨਾਚ ਗਿੱਧਾ, ਭੰਗੜਾ ਤੇ ਸੰਮੀ ਆਦਿ ਦੀਆਂ ਟੀਮਾਂ ਨੇ ਆਪਣੇ ਜੋਸ਼ ਨਾਲ ਪ੍ਰੋਗਰਾਮ ਵਿੱਚ ਮੌਜੂਦ ਮਹਿਮਾਨਾਂ ਅਤੇ ਦਰਸ਼ਕਾਂ ਨੂੰ ਵੀ ਝੂਮਣ ਤੇ ਮਜਬੂਰ ਕਰ ਦਿੱਤਾ। ਪ੍ਰੋਗਰਾਮ ਵਿੱਚ ਵਿਜੇਤਾ ਰਹਿਣ ਵਾਲੇ ਪ੍ਰਤੀਯੋਗੀਆਂ ਨੂੰ ਮੁੱਖ ਮਹਿਮਾਨ ਵੱਲੋਂ ਇਨਾਮ ਰਾਸ਼ੀ ਤੇ ਸਰਟੀਫਿਕੇਟ ਪ੍ਰਦਾਨ ਕੀਤੇ ਗਏ।

ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਨੇ ਨੌਜਵਾਨਾਂ ਨੂੰ ਸੰਘਰਸ਼ ਤੋਂ ਨਾ ਘਬਰਾਉਣ ਤੇ ਆਪਣੀ ਯੁਵਾ ਸ਼ਕਤੀ ਨੂੰ ਸਹੀ ਰਸਤੇ ਲਗਾਉਣ ਲਈ ਪ੍ਰੇਰਿਤ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਨੀਰੂ ਸ਼ਰਮਾ ਜੀ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਇਹੋ ਜਿਹੇ ਪ੍ਰੋਗਰਾਮਾਂ ਦਾ ਆਯੋਜਨ ਕਰਕੇ ਨੌਜਵਾਨਾਂ ਦੀ ਪ੍ਰਤਿਭਾ ਨੂੰ ਇਕ ਮੰਚ ਪ੍ਰਦਾਨ ਕਰਦਾ ਹੈ, ਜਿਸ ਨਾਲ ਪ੍ਰਤਿਭਾਵਾਨ ਯੁਵਾ ਪੀੜ੍ਹੀ ਨੂੰ ਅੱਗੇ ਵਧਣ ਦਾ ਮੌਕਾ ਮਿਲੇਗਾ। ਪ੍ਰੋਗਰਾਮ ਦਾ ਸੰਚਾਲਨ ਸੁਚੱਜੇ ਢੰਗ ਨਾਲ ਕਰਵਾਉਣ ਵਿੱਚ ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਅਤੇ ਕਾਲਜ ਦੇ ਸਟਾਫ਼? ਦਾ ਭਰਪੂਰ ਸਹਿਯੋਗ ਰਿਹਾ।

ਪ੍ਰੋਗਰਾਮ ਦੇ ਅੰਤ ਵਿੱਚ ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਦੇ ਜ਼ਿਲ੍ਹਾ ਯੂਥ ਅਫ਼ਸਰ ਮੈਡਮ ਸੰਦੀਪ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਨੀਰੂ ਸ਼ਰਮਾ ਜੀ ਦਾ ਅਤੇ ਸਮੂਹ ਸਟਾਫ਼ ਦਾ ਧੰਨਵਾਦ ਕੀਤਾ ਗਿਆ

ਯੂ.ਡੀ.ਆਈ.ਡੀ ਕਾਰਡਾਂ ਵਿੱਚ ਦਰੁਸਤੀ ਸਬੰਧੀ 3 ਜਨਵਰੀ 2025 ਨੂੰ ਵਿਸ਼ੇਸ਼ ਕੈਂਪ ਆਜੋਜਿਤ ਕੀਤੇ ਜਾਣਗੇ

ਰੂਪਨਗਰ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਨੇ ਯੂ.ਡੀ.ਆਈ.ਡੀ. ਸਕੀਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਾਰਡਾਂ ਦੀ ਦਰੁਸਤੀ ਲਈ ਦਿਸ਼ਾ-ਨਿਰਦੇਸ਼ਾਂ ਜਾਰੀ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਯੂ.ਡੀ.ਆਈ.ਡੀ ਕਾਰਡਾਂ ਵਿੱਚ ਦਰੁਸਤੀ ਸਬੰਧੀ 3 ਜਨਵਰੀ 2025 ਨੂੰ ਵਿਸ਼ੇਸ਼ ਕੈਂਪ ਆਜੋਜਿਤ ਕੀਤੇ ਜਾ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਈ ਦਿਵਿਆਂਗਜਨਾਂ ਦੇ ਸਰਟੀਫਿਕੇਟ 100 ਫੀਸਦ ਅੰਗਹੀਣ ਹੋਣ ਦੇ ਬਾਵਜੂਦ ਉਹਨਾਂ ਦੀ ਦਿਵਿਆਂਗਤਾ ਯੂ.ਡੀ.ਆਈ.ਡੀ ਕਾਰਡ ਤੋਂ ਘੱਟ ਦਰਸਾਈ ਗਈ ਹੈ। ਜਿਸ ਕਾਰਨ ਉਨ੍ਹਾਂ ਨੂੰ ਵੱਖ ਵੱਖ ਸਕੀਮਾਂ ਦਾ ਲਾਭ

ਬਲਬੀਰ ਸਿੰਘ ਵੱਲੋਂ ਸਿਵਲ ਸਰਜਨਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਸਾਰੀਆਂ ਜ਼ਰੂਰੀ ਦਵਾਈਆਂ ਦੀ ਉਪਲਬਧਤਾ ਯਕੀਨੀ ਬਣਾਉਣ ਦੇ ਨਿਰਦੇਸ਼

ਨਰਸਿੰਗ ਵਿਦਿਆਰਥੀਆਂ ਨੂੰ ਬਲੱਡ ਪ੍ਰੈਸ਼ਰ, ਐੱਚ.ਬੀ. ਲੈਵਲ ਚੈੱਕ ਕਰਨ ਅਤੇ ਅੱਖਾਂ ਦੀ ਜਾਂਚ ਕਰਨ ਸਬੰਧੀ ਟਰੇਨਿੰਗ ਦਿੱਤੀ ਜਾਵੇ: ਸਿਹਤ ਮੰਤਰੀ

ਚੰਡੀਗੜ੍ਹ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਸੂਬੇ ਦੇ ਲੋਕਾਂ ਨੂੰ ਬਿਹਤਰੀਨ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਾਰੇ ਸਿਵਲ ਸਰਜਨਾ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਜ਼ਰੂਰੀ ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਤਾਂ ਜੋ ਇਲਾਜ ਲਈ ਆਉਣ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਅੱਜ ਇੱਥੇ ਸਿਵਲ ਸਰਜਨਾਂ ਲਈ ਇੱਕ ਕਾਨਫਰੰਸ-ਕਮ-ਸਿਖਲਾਈ ਵਰਕਸ਼ਾਪ ਦੀ ਪ੍ਰਧਾਨਗੀ ਕਰਦਿਆਂ ਸਿਹਤ ਮੰਤਰੀ ਨੇ ਸਾਰੇ ਸਿਵਲ ਸਰਜਨਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਵੀ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਡਾਕਟਰਾਂ ਅਤੇ ਹਸਪਤਾਲ ਦੇ ਸਟਾਫ਼ ਨੂੰ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਲੋਕਾਂ ਦੇ ਵਿਸ਼ਵਾਸ਼ ਨੂੰ ਹੋਰ ਮਜਬੂਤ ਕਰਨ ਲਈ ਮਰੀਜਾਂ ਅਤੇ ਉਹਨਾਂ ਨਾਲ ਦੇਖਭਾਲ ਲਈ ਆਉਣ ਵਾਲੇ ਵਿਅਕਤੀਆਂ ਪ੍ਰਤੀ ਨਿਮਰਤਾ ਵਾਲਾ ਵਤੀਰਾ ਰੱਖਣਾ ਚਾਹੀਦਾ ਹੈ।

ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਲੋੜੀਂਦੇ ਫੰਡ ਦੀ ਯਕੀਨੀ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਨਰਸਿੰਗ ਦੇ ਵਿਦਿਆਰਥੀਆਂ ਨੂੰ ਬਲੱਡ ਪ੍ਰੈਸ਼ਰ, ਐਚ.ਬੀ. ਲੈਵਲ ਅਤੇ ਅੱਖਾਂ ਦੀ ਜਾਂਚ ਸਬੰਧੀ ਸਿਖਲਾਈ ਦਿੱਤੀ ਜਾਵੇ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਹਸਪਤਾਲਾਂ ਵਿੱਚ ਮਰੀਜ਼ਾਂ ਅਤੇ ਉਨ੍ਹਾਂ ਦੇ ਅਟੈਂਡੈਂਟਾਂ ਦੀ ਸਹਾਇਤਾ ਲਈ ਵੀ ਵਰਤਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਕਿਸੇ ਦੁਰਘਟਨਾ ਜਾਂ ਐਮਰਜੈਂਸੀ ਦੀ ਸਥਿਤੀ ਵਿੱਚ ਦੂਜਿਆਂ ਦੀ ਸਹਾਇਤਾ ਕਰਨ ਦੇ

ਯੋਗ ਬਣਾਉਣ ਲਈ ਮੁਢਲੀ ਸਹਾਇਤਾ ਪ੍ਰਦਾਨ ਕਰਨ ਸਬੰਧੀ ਸਿਖਲਾਈ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਨਰਸਿੰਗ ਦੇ ਵਿਦਿਆਰਥੀਆਂ ਨੂੰ ਮੱਛਰ ਦੇ ਲਾਰਵੇ ਦੀ ਪਛਾਣ ਕਰਨ ਲਈ ਬ੍ਰੀਡਿੰਗ ਚੈਕਰ ਵਜੋਂ ਸਿਖਲਾਈ ਦਿੱਤੀ ਜਾਵੇਗੀ, ਜੋ ਕਿ ਅਗਲੇ ਮਾਨਸੂਨ ਸੀਜ਼ਨ ਦੌਰਾਨ ਡੇਂਗੂ ਦੇ ਮਾਮਲਿਆਂ ਨੂੰ ਕੰਟਰੋਲ ਕਰਨ ਵਿੱਚ ਮਦਦ ਮਿਲੇਗੀ।

ਚੰਗੀ ਕਾਰਗੁਜ਼ਾਰੀ ਵਾਲੇ ਜ਼ਿਲ੍ਹਿਆਂ ਦੀ ਤਾਰੀਫ਼ ਕਰਦਿਆਂ ਉਨ੍ਹਾਂ ਹੋਰਨਾਂ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੂੰ ਆਪੋ-ਆਪਣੇ ਜ਼ਿਲ੍ਹੇ ਵਿੱਚ ਸਿਹਤ ਅਤੇ ਪ੍ਰਸ਼ਾਸਨਿਕ ਢਾਂਚੇ ਦਾ ਮਿਆਰ ਉੱਚਾ ਚੁੱਕਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਪੂਰੀ ਲਗਨ ਨਾਲ ਕੰਮ ਕਰਨ ਬਾਰੇ ਸਿਹਤ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਸਨਮਾਨ ਵੀ ਕੀਤਾ ਜਾਵੇਗਾ।

ਚੇਅਰਮੈਨ ਪੀਐਚਐਸਸੀ ਰਮਨ ਬਹਿਲ ਨੇ ਸਰਕਾਰੀ ਸਿਹਤ ਸੰਸਥਾਵਾਂ ਦੀ ਸਾਂਭ-ਸੰਭਾਲ ਅਤੇ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਾਫ਼-ਸੁਥਰਾ ਅਤੇ ਸੁਚੱਜਾ ਵਾਤਾਵਰਣ ਬਹੁਤ ਜ਼ਰੂਰੀ ਹੈ।

ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਸ਼ਾਸਨਿਕ ਸਕੱਤਰ ਕੁਮਾਰ ਰਾਹੁਲ ਨੇ ਦੱਸਿਆ ਕਿ ਪੰਜਾਬ ਵਿੱਚ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਉਣ ਲਈ ਮਰੀਜ਼ਾਂ ਦੀ ਫੀਡਬੈਕ 'ਤੇ ਆਧਾਰਿਤ ਸਰਵੇਖਣ ਕਰਵਾਇਆ ਗਿਆ ਹੈ। ਉਨ੍ਹਾਂ ਸਿਵਲ ਸਰਜਨਾਂ ਨੂੰ ਹਸਪਤਾਲਾਂ ਵਿੱਚ ਮਿਆਰੀ ਸੇਵਾਵਾਂ ਪ੍ਰਦਾਨ ਕਰਨ ਲਈ ਮਾਪਦੰਡਾਂ ਵਿੱਚ ਹੋਰ ਸੁਧਾਰ ਕਰਨ ਦੇ ਨਿਰਦੇਸ਼ ਦਿੱਤੇ।

ਪੰਜਾਬ ਵਿਕਾਸ ਕਮਿਸ਼ਨ ਦੇ ਮੈਂਬਰ ਅਨੁਰਾਗ ਕੁੰਡੂ ਨੇ ਸੂਬੇ ਦੀਆਂ ਵੱਖ-ਵੱਖ ਸਿਹਤ ਸੰਸਥਾਵਾਂ ਤੋਂ ਮਰੀਜ਼ਾਂ ਦੀ ਫੀਡਬੈਕ ਦੇ ਆਧਾਰ 'ਤੇ ਕੀਤੇ ਗਏ ਵਿਸਤ੍ਰਿਤ ਸਰਵੇਖਣ ਦੇ ਨਤੀਜੇ ਪੇਸ਼ ਕੀਤੇ। ਇਸ ਦੇ ਜਵਾਬ ਵਿੱਚ ਸਿਹਤ ਮੰਤਰੀ ਨੇ ਸਿਵਲ ਸਰਜਨਾਂ ਨੂੰ ਸਰਵੇ ਵਿੱਚ ਪਾਈਆਂ ਗਈਆਂ ਊਣਤਾਈਆਂ ਨੂੰ ਦੂਰ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਸਕੱਤਰ ਸਿਹਤ ਡਾ.ਅਭਿਨਵ ਤ੍ਰਿਖਾ, ਮੈਨੇਜਿੰਗ ਡਾਇਰੈਕਟਰ ਪੀ.ਐਚ.ਐਸ.ਸੀ ਵਰਿੰਦਰ ਕੁਮਾਰ, ਮਿਸ਼ਨ ਡਾਇਰੈਕਟਰ ਐਨ.ਐਚ.ਐਮ ਘਨਸ਼ਿਆਮ ਥੋਰੀ, ਸੀ.ਈ.ਓ. ਸਟੇਟ ਹੈਲਥ ਏਜੰਸੀ ਬਬੀਤਾ, ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਪੰਜਾਬ ਡਾ.ਹਿਤਿੰਦਰ ਕੌਰ, ਡਾਇਰੈਕਟਰ ਸਿਹਤ ਸੇਵਾਵਾਂ (ਐਫ.ਡਬਲਿਊ.) ਪੰਜਾਬ ਡਾ: ਜਸਮਿੰਦਰ, ਡਾਇਰੈਕਟਰ ਪੀ.ਐਚ.ਐਸ.ਸੀ ਡਾ. ਅਨਿਲ ਗੋਇਲ, ਡਾਇਰੈਕਟਰ (ਈ.ਐਸ.ਆਈ.) ਡਾ. ਸੁਮਨ ਬਾਲੀ, ਡਾਇਰੈਕਟਰ ਐਨ.ਐਚ.ਐਮ ਡਾ. ਬਲਵਿੰਦਰ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੀਟਿੰਗ ਵਿੱਚ ਹਾਜ਼ਰ ਸਨ।

ਭਾਰਤੀ ਫ਼ੌਜ ਦੀ ਪੈਂਥਰ ਡਿਵੀਜ਼ਨ ਨੇ ਕਲੀਨ ਐਂਡ ਗਰੀਨ ਮੁਹਿੰਮ ਤਹਿਤ ਪਿੰਡ ਸੁਲਤਾਨਪੁਰ ਵਿਖੇ ਪੌਦੇ ਲਗਾਏ

ਗੁਰਦਾਸਪੁਰ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਫ਼ੌਜ ਦੀ ਪੈਂਥਰ ਡਿਵੀਜ਼ਨ, ਵਜਰਾ ਕੋਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸਾਂਝੇ ਤੌਰ 'ਤੇ ਤਿੱਬੜੀ ਮਿਲਟਰੀ ਸਟੇਸ਼ਨ ਨਾਲ ਲੱਗਦੇ ਪਿੰਡਾਂ ਵਿੱਚ ਚਲਾਈ ਜਾ ਰਹੀ ਕਲੀਨ ਐਂਡ ਗਰੀਨ ਮੁਹਿੰਮ ਤਹਿਤ ਅੱਜ ਸੇਂਟ ਕਬੀਰ ਪਬਲਿਕ ਸਕੂਲ ਅਤੇ ਪਿੰਡ ਸੁਲਤਾਨਪੁਰ ਵਿਖੇ ਪੌਦੇ ਲਗਾਏ ਗਏ। ਇਸ ਦੇ ਨਾਲ ਹੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਕੂਲੀ ਵਿਦਿਆਰਥੀਆਂ ਅਤੇ ਪਿੰਡ ਸੁਲਤਾਨਪੁਰ ਦੇ ਲੋਕਾਂ ਨੂੰ ਮੁਫ਼ਤ ਪੌਦੇ ਵੀ ਵੰਡੇ ਗਏ। ਇਸ ਪ੍ਰੋਗਰਾਮ ਵਿੱਚ ਐੱਸ.ਡੀ.ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ ਅਤੇ ਫ਼ੌਜ ਦੇ ਅਧਿਕਾਰੀਆਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।

ਸੇਂਟ ਕਬੀਰ ਪਬਲਿਕ ਸਕੂਲ, ਸੁਲਤਾਨਪੁਰ ਵਿਖੇ ਕਲੀਨ ਐਂਡ ਗਰੀਨ ਮੁਹਿੰਮ ਤਹਿਤ ਕਰਵਾਏ ਇਸ ਵਿਸ਼ੇਸ਼ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਐੱਸ.ਡੀ.ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਦਿਨੋ-ਦਿਨ ਵੱਧ ਰਹੀ ਆਲਮੀ ਤਪਸ਼ ਨੂੰ ਰੋਕਣ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਉਨ੍ਹਾਂ ਸਕੂਲੀ ਵਿਦਿਆਰਥੀਆਂ ਅਤੇ ਪਿੰਡ ਵਾਲਿਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਚੌਗਿਰਦੇ ਨੂੰ ਹਰ-ਭਰਾ ਬਣਾਉਣ ਲਈ ਅੱਗੇ ਆਉਣ ਅਤੇ ਵੱਧ ਤੋਂ ਵੱਧ ਪੌਦੇ ਲਗਾ ਕੇ ਉਨ੍ਹਾਂ ਦੀ ਸੰਭਾਲ ਵੀ ਕਰਨ। ਉਨ੍ਹਾਂ ਕਿਹਾ ਕਿ ਆਪਣੇ ਚੌਗਿਰਦੇ ਦੀ ਸੰਭਾਲ ਕਰਨਾ ਹਰ ਇਨਸਾਨ ਦਾ ਮੁੱਢਲਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਪੌਦੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੁਫ਼ਤ ਪ੍ਰਾਪਤ ਕੀਤੇ ਜਾ ਸਕਦੇ ਹਨ।

ਭਾਰਤੀ ਫ਼ੌਜ ਦੀ ਪੈਂਥਰ ਡਿਵੀਜ਼ਨ, ਵਜਰਾ ਕੋਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸਾਂਝੇ ਤੌਰ 'ਤੇ ਤਿੱਬੜੀ ਮਿਲਟਰੀ ਸਟੇਸ਼ਨ ਦੇ 5 ਕਿੱਲੋਮੀਟਰ ਦੇ ਦਾਇਰੇ ਵਿੱਚ ਪੈਂਦੇ ਪਿੰਡਾਂ ਵਿੱਚ ਚਲਾਈ ਜਾ ਰਹੀ ਕਲੀਨ ਐਂਡ ਗਰੀਨ ਮੁਹਿੰਮ ਬਾਰੇ ਗੱਲ ਕਰਦਿਆਂ ਐੱਸ.ਡੀ.ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਨੂੰ ਇਸ ਮੁਹਿੰਮ ਨੂੰ ਕਾਮਯਾਬ ਕਰਨ ਲਈ ਵੱਧ ਤੋਂ ਵੱਧ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਇਸ ਮੁਹਿੰਮ ਲਈ ਫ਼ੌਜ ਦੇ ਅਧਿਕਾਰੀਆਂ ਦਾ ਵੀ ਧੰਨਵਾਦ ਕੀਤਾ।

ਰੂਪਨਗਰ ਪੁਲਿਸ ਨੇ 11 ਹੱਤਿਆਵਾਂ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਸਮਲੈਂਗਿਕ ਨੂੰ ਗ੍ਰਿਫ਼ਤਾਰ ਕੀਤਾ

ਰੂਪ ਨਗਰ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰੂਪਨਗਰ ਪੁਲਿਸ ਵਲੋਂ 11 ਹੱਤਿਆਵਾਂ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਸਮਲੈਂਗਿਕ ਵਿਅਕਤੀ ਰਾਮ ਸਰੂਪ ਉਰਫ ਸੋਢੀ ਪਿੰਡ ਚੌੜਾ ਥਾਣਾ ਗੜਸ਼ਸੰਕਰ ਜਿਲ੍ਹਾ ਹੁਸ਼ਿਆਰਪੁਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਸਬੰਧੀ ਸੀਨੀਅਰ ਕਪਤਾਨ ਪੁਲਿਸ, ਰੂਪਨਗਰ ਸ. ਗੁਲਨੀਤ ਸਿੰਘ ਖੁਰਾਣਾ, ਆਈ.ਪੀ.ਐਸ. ਨੇ ਪ੍ਰੈੱਸ ਕਾਨਫਰੰਸ ਰਾਹੀਂ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਰੂਪਨਗਰ ਰੇਂਜ, ਰੂਪਨਗਰ ਸ. ਹਰਚਰਨ ਸਿੰਘ ਭੁੱਲਰ, ਆਈ.ਪੀ.ਐੱਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਰੂਪਨਗਰ ਅੰਦਰ ਅਣਸੁਲਝੇ ਘਿਨਾਉਣਏ ਅਪਰਾਧਾਂ ਨੂੰ ਸੁਲਝਾਉਣ ਲਈ ਹਲਕਾ ਅਫਸਰਾਨ ਅਤੇ ਮੁੱਖ ਅਫਸਰਾਨ ਥਾਣਾ ਨੂੰ ਨਿਰਦੇਸ਼ ਦਿੱਤੇ ਗਏ ਸਨ।

ਇਸ ਸਿਲਸਿਲੇ ਵਿੱਚ ਕਪਤਾਨ ਪੁਲਿਸ ਪੀ.ਬੀ.ਆਈ., ਰੂਪਨਗਰ ਸ. ਨਵਨੀਤ ਸਿੰਘ ਮਾਹਲ ਦੀ ਨਿਗਰਾਨੀ ਹੇਠ ਉਪ ਕਪਤਾਨ ਪੁਲਿਸ, ਸ੍ਰੀ ਅਨੰਦਪੁਰ ਸਾਹਿਬ ਅਜੇ ਕੁਮਾਰ ਅਤੇ ਮੁੱਖ ਅਫਸਰ ਥਾਣਾ ਕੀਰਤਪੁਰ ਸਾਹਿਬ ਜਤਿਨ ਕੁਮਾਰ ਦੀ ਟੀਮ ਵੱਲੋਂ 18 ਅਗਸਤ 2024 ਨੂੰ ਮਨਿੰਦਰ ਸਿੰਘ ਪੁੱਤਰ ਭਜਨ ਸਿੰਘ ਵਾਸੀ ਵਾਰਡ ਨੰਬਰ 03. ਮੁਹੱਲਾ ਬਾਲਮੀਕੀ, ਕੀਰਤਪੁਰ ਸਾਹਿਬ ਉਮਰ ਕਰੀਬ 37 ਸਾਲ, ਜੋ ਕਿ ਟੋਲ ਪਲਾਜਾ ਮੋੜਾ ਵਿਖੇ ਚਾਹ ਪਾਣੀ ਪਿਲਾਉਣ ਦਾ ਕੰਮ ਕਰਦਾ ਸੀ। ਜਿਸ ਦੀ ਮਨਾਲੀ ਰੋਡ, ਜੀ.ਓ ਪੈਟਰੋਲ ਪੰਪ ਦੇ ਸਾਹਮਣੇ ਝਾੜੀਆਂ ਵਿੱਚੋਂ ਲਾਸ਼ ਮਿਲੀ ਸੀ, ਜਿਸ ਸਬੰਧੀ ਮੁਕੱਦਮਾ ਨੰਬਰ 79 ਮਿਤੀ 19.08.2024 ਅ/ਧ 103(1) ਰਜਿਸਟਰ ਕੀਤਾ ਗਿਆ ਸੀ। ਜੋ ਟੀਮ ਵੱਲੋ ਇਸ ਮੁਕੰਦਮਾ ਨੂੰ ਟਰੇਸ ਕਰਨ ਲਈ ਮੁੱਢ ਤੋਂ ਹਲਾਤਾਂ ਨੂੰ ਘੋਖਦੇ ਹੋਏ ਤਕਨੀਕੀ ਢੰਗ ਨਾਲ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਜਿਸ ਤਹਿਤ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਰਾਮ ਸਰੂਪ ਉਰਫ ਸੋਢੀ ਵਾਸੀ ਪਿੰਡ ਚੌੜਾ ਥਾਣਾ ਗੜਸ਼ਸੰਕਰ ਜਿਲ੍ਹਾ ਹੁਸ਼ਿਆਰਪੁਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਐਸ.ਐਸ.ਪੀ ਨੇ ਦੱਸਿਆ ਕਿ ਦੋਸ਼ੀ ਰਾਮ ਸਰੂਪ ਉਰਫ ਸੋਢੀ ਕਾਰ ਅਤੇ ਮੋਟਰ ਚਾਲਕਾਂ ਨੂੰ ਲਿਫਟ ਲੈ ਕੇ ਉਨ੍ਹਾਂ ਨਾਲ ਸਰੀਰਕ ਸਬੰਧ ਬਣਾਉਦਾ ਸੀ ਅਤੇ ਬਾਅਦ ਵਿਚ ਉਨ੍ਹਾਂ ਨਾਲ ਲੁੱਟ ਖੋਹ ਕਰਕੇ ਉਸਦੇ ਕਤਲ ਨੂੰ ਅੰਜਾਮ ਦਿੰਦਾ ਸੀ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕਰਨ ਤੋਂ ਬਾਅਦ ਕੀਤੀ ਪੁੱਛਗਿੱਛ ਦੌਰਾਨ ਦੋਸ਼ੀ ਨੇ ਮੰਨਿਆ ਕਿ ਇਸ ਵਾਰਦਾਤ ਤੋ ਇਲਾਵਾ ਦੋਸ਼ੀ ਨੇ 10 ਹੋਰ ਵਾਰਦਾਤਾਂ ਕੀਤੀਆਂ ਹਨ, ਜਿਹਨਾਂ ਵਿੱਚ ਜਿਲ੍ਹਾ ਰੂਪਨਗਰ ਦੀਆਂ 02 ਹੋਰ ਕਤਲ ਦੀਆਂ ਵਾਰਦਾਤਾਂ ਸ਼ਾਮਲ ਹਨ। ਮਿਤੀ 05 ਅਪ੍ਰੈਲ 2024 ਨੂੰ ਮੁਕੰਦਰ ਸਿੰਘ ਉਰਫ ਬਿੱਲਾ ਪੁੱਤਰ ਸ਼ਾਮ ਲਾਲ ਵਾਸੀ ਪਿੰਡ ਬੇਗਮਪੁਰਾ (ਘਨੌਲੀ) ਉਮਰ 34 ਸਾਲ ਜੋ ਟਰੈਕਟਰ ਰਿਪੇਅਰ ਦਾ ਕੰਮ ਕਰਦਾ ਸੀ। ਜਿਸ ਦੀ ਲਾਸ਼ ਪੰਜੇਹਰਾ ਰੋਡ ਬੜਾ ਪਿੰਡ ਵਿਖੇ ਮਿਲੀ ਸੀ। ਜਿਸਦਾ ਸੱਟਾਂ ਮਾਰ ਕੇ ਕਤਲ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕੀ ਇਸ ਸਬੰਧੀ ਮੁਕੱਦਮਾ ਨੰਬਰ 19 ਮਿਤੀ 06.04.2024 ਅ/ਧ 302 ਆਈ.ਪੀ.ਸੀ. ਥਾਣਾ ਕੀਰਤਪੁਰ ਸਾਹਿਬ ਦਰਜ ਹੈ ਅਤੇ ਮਿਤੀ 24.01.2024 ਨੂੰ ਥਾਣਾ ਸਿਟੀ ਰੂਪਨਗਰ ਦੇ ਏਰੀਆ ਨਿਰੰਕਾਰੀ ਭਵਨ ਰੂਪਨਗਰ ਪਾਸ ਇੱਕ ਕਾਰ ਵਿੱਚ ਨੌਜਵਾਨ ਵਿਅਕਤੀ ਦੀ ਲਾਸ਼ ਮਿਲੀ ਸੀ, ਜਿਸਦੀ ਸ਼ਨਾਖਤ ਹਰਪ੍ਰੀਤ ਸਿੰਘ ਉਰਫ ਸੰਨੀ ਵਾਸੀ ਮੁਹੱਲਾ ਜਗਜੀਤ ਨਗਰ ਰੂਪਨਗਰ ਵੱਜੋ ਹੋਈ ਸੀ, ਜਿਸ ਸਬੰਧੀ ਮੁਕੱਦਮਾ ਨੰਬਰ 15 ਮਿਤੀ 25.01.2024 ਅ/ਧ 302 ਆਈ.ਪੀ.ਸੀ. ਥਾਣਾ ਸਿਟੀ ਰੂਪਨਗਰ ਦਰਜ ਹੈ।

ਇਸ ਤੋਂ ਇਲਾਵਾ ਦੋਸ਼ੀ ਨੇ ਮੁੱਢਲੀ ਪੁੱਛਗਿੱਛ ਦੌਰਾਨ ਜਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਜਿਲ੍ਹਾ ਹੁਸ਼ਿਆਰਪੁਰ ਵਿਖੇ ਵੀ ਵਾਰਦਾਤਾਂ ਕਰਨੀਆਂ ਮੰਨੀਆਂ ਹਨ। ਦੋਸ਼ੀ ਰਾਮ ਸਰੂਪ ਉਰਫ ਸੋਢੀ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਜਿਸ ਪਾਸੋਂ ਹੋਰ ਖੁਲਾਸੇ ਹੋਣ ਦੀ ਆਸ ਹੈ।

31 ਦਸੰਬਰ ਤੋਂ ਬਾਅਦ ਈ-ਸੇਵਾ ਪੋਰਟਲ 'ਚ ਨਹੀਂ ਦਿੱਤੀ ਜਾਵੇਗੀ ਲਾਇਸੰਸ ਸਰਵਿਸ : ਡਿਪਟੀ ਕਮਿਸ਼ਨਰ

ਹੁਸ਼ਿਆਰਪੁਰ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਪੰਜਾਬ ਰਾਜ ਵਿਚ ਅਸਲਾ ਲਾਇਸੰਸ ਸਬੰਧੀ ਸੇਵਾਵਾਂ ਈ-ਸੇਵਾ ਪੋਰਟਲ ਰਾਹੀਂ ਸੇਵਾ ਕੇਂਦਰਾਂ ਰਾਹੀਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਸਟੇਟ ਈ-ਗਵਰਨੈਂਸ ਸੋਸਾਇਟੀ, ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ ਪੰਜਾਬ ਸਰਕਾਰ ਵਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਜਿਹੜੇ ਅਸਲਾ ਧਾਰਕਾਂ ਨੇ ਸਤੰਬਰ 2019 ਤੋਂ ਬਾਅਦ ਆਪਣੇ ਅਸਲਾ ਲਾਇਸੰਸ ਸਬੰਧੀ ਈ-ਸੇਵਾ ਪੋਰਟਲ ਵਿਚ ਕੋਈ ਸੇਵਾ ਪ੍ਰਾਪਤ ਨਹੀਂ ਕੀਤੀ ਹੈ, ਉਨ੍ਹਾਂ ਵਿਅਕਤੀਆਂ ਨੂੰ 31 ਦਸੰਬਰ

ਆਪ ਵੱਲੋਂ ਕਾਂਗਰਸ 'ਤੇ ਭਾਜਪਾ ਨਾਲ ਮਿਲੀ-ਭੁਗਤ ਦੇ ਦੋਸ਼; ਕਾਂਗਰਸ ਨੂੰ INDIA ਗੱਠਜੋੜ 'ਚੋਂ ਕੱਢਣ ਦੀ ਕਰੇਗੀ ਮੰਗ

ਨਵੀਂ ਦਿੱਲੀ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੌਮੀ ਰਾਜਧਾਨੀ ਦੇ ਸਿਆਸੀ ਦ੍ਰਿਸ਼'ਚ ਹੋਈ ਇਕ ਵੱਡੀ ਹਿੱਲ-ਜੁੱਲ ਦੌਰਾਨ ਆਮ ਆਦਮੀ ਪਾਰਟੀ (ਆਪ) ਨੇ ਇੰਡੀਆ ਗੱਠਜੋੜ (INDIA Block) ਦੀ ਮੁੱਖ ਪਾਰਟੀ ਕਾਂਗਰਸ ਉਤੇ ਖ਼ਾਸੀ ਨਾਰਾਜ਼ਗੀ ਜ਼ਾਹਰ ਕੀਤੀ ਹੈ ਅਤੇ 'ਆਪ' ਵੱਲੋਂ ਕਾਂਗਰਸ ਨੂੰ ਗੱਠਜੋੜ ਵਿੱਚੋਂ ਕੱਢਣ ਦੀ ਮੰਗ ਲਈ ਇੰਡੀਆ ਗੱਠਜੋੜ ਦੇ ਬਾਕੀ ਭਾਈਵਾਲਾਂ ਨਾਲ ਗੱਲ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ।

'ਆਪ' ਸੂਤਰਾਂ ਨੇ ਕਿਹਾ ਕਿ ਪਾਰਟੀ ਵਿਚ ਕਾਂਗਰਸ ਆਗੂਆਂ ਦੇ 'ਆਪ' ਬਾਰੇ ਬਿਆਨਾਂ ਅਤੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਖ਼ਿਲਾਫ਼ ਐਫ਼ਆਈਆਰ ਦਰਜ ਕਰਨ ਦੀ ਮੰਗ ਤੋਂ ਭਾਰੀ ਨਾਰਾਜ਼ਗੀ ਪਾਈ ਜਾ ਰਹੀ ਹੈ।

ਜ਼ਗੋਰਤਲਬ ਹੈ ਕਿ ਯੂਥ ਕਾਂਗਰਸ ਨੇ ਇੱਕ ਦਿਨ ਪਹਿਲਾਂ ਹੀ ਕੇਜਰੀਵਾਲ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਉਨ੍ਹਾਂ 'ਤੇ ਵੋਟਰਾਂ ਨੂੰ ਗੁੰਮਰਾਹ ਕਰਨ ਅਤੇ ਧੋਖਾਧੜੀ ਵਾਲੀਆਂ ਸਰਗਰਮੀਆਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਸੀ। ਸੰਸਦ ਮਾਰਗ (ਪੁਲੀਸ ਸਟੇਸ਼ਨ ਵਿੱਚ ਦਰਜ ਕੀਤੀ ਗਈ ਸ਼ਿਕਾਇਤ ਵਿੱਚ ਕੇਜਰੀਵਾਲ ਖ਼ਿਲਾਫ਼ ਉਨ੍ਹਾਂ ਦੇ ਉਨ੍ਹਾਂ ਚੋਣ ਵਾਅਦਿਆਂ ਨੂੰ ਲੈ ਕੇ FIR ਦਰਜ ਕਰਨ ਦੀ ਮੰਗ ਕੀਤੀ ਗਈ ਸੀ, ਜਿਨ੍ਹਾਂ ਨੂੰ ਦਿੱਲੀ ਸਰਕਾਰ ਦੇ ਦੋ ਵਿਭਾਗਾਂ ਨੇ ਬੀਤੇ ਦਿਨ ਰੱਦ ਕਰ ਦਿੱਤਾ ਸੀ। 'ਆਪ' ਦੇ ਇਕ ਆਗੂ ਨੇ ਦੋਸ਼ ਲਾਇਆ, ਅਸੀਂ ਇੰਡੀਆ ਬਲਾਕ ਦੇ ਭਾਈਵਾਲਾਂ ਨਾਲ ਗੱਲ ਕਰਾਂਗੇ ਅਤੇ ਗੱਠਜੋੜ ਵਿਚੋਂ ਕਾਂਗਰਸ ਦੀ ਬਰਖਾਸਤਗੀ ਦੀ ਮੰਗ

ਕਰਾਂਗੇ। ਕਾਂਗਰਸ ਅਸਲ ਵਿਚ ਭਾਜਪਾ ਨਾਲ ਮਿਲ ਕੇ ਕੰਮ ਕਰ ਰਹੀ ਹੈ।

ਜ਼ਗੋਰਤਲਬ ਹੈ ਕਿ ਬੁੱਧਵਾਰ ਨੂੰ ਉਦੋਂ ਇੱਕ ਵਿਵਾਦ ਸ਼ੁਰੂ ਹੋ ਗਿਆ ਸੀ ਜਦੋਂ ਦਿੱਲੀ ਸਰਕਾਰ ਦੇ ਦੋ ਵਿਭਾਗਾਂ ਨੇ ਅਖ਼ਬਾਰਾਂ ਵਿੱਚ ਨੋਟਿਸ ਜਾਰੀ ਕਰ ਕੇ ਜਨਤਾ ਨੂੰ ਖ਼ਬਰਦਾਰ ਕਰਦਿਆਂ ਮੁੱਖ ਮੰਤਰੀ ਆਤਿਸ਼ੀ ਅਤੇ ਉਨ੍ਹਾਂ ਤੋਂ ਪਹਿਲੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਹਾਲ ਹੀ ਵਿੱਚ ਐਲਾਨੀਆਂ ਦੋ ਭਲਾਈ ਯੋਜਨਾਵਾਂ ਲਈ ਸ਼ੁਰੂ ਕੀਤੀ ਗਈ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਰੱਦ ਕਰ ਦਿੱਤਾ ਸੀ। ਹਾਕਮ ਪਾਰਟੀ 'ਆਪ' ਨੇ ਨੋਟਿਸਾਂ ਨੂੰ 'ਜਾਅਲੀ ਅਤੇ ਬੇਬੁਨਿਆਦ' ਕਰਾਰ ਦਿੱਤਾ ਸੀ ਅਤੇ ਜ਼ੋਰ ਦੇ ਕੇ ਕਿਹਾ ਸੀ ਕਿ ਅਜਿਹੇ ਇਸ਼ਤਿਹਾਰ ਛਾਪਣ ਵਾਲੇ ਅਧਿਕਾਰੀਆਂ ਵਿਰੁੱਧ ਪ੍ਰਸ਼ਾਸਕੀ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਆਗਾਮੀ ਫਰਵਰੀ ਮਹੀਨੇ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਹਨ, ਜਿਨ੍ਹਾਂ ਲਈ ਵੋਟਰਾਂ ਨੂੰ ਲੁਭਾਉਣ ਵਾਸਤੇ 'ਆਪ' ਨੇ ਹਾਲ ਹੀ ਵਿੱਚ ਦੋ ਭਲਾਈ ਯੋਜਨਾਵਾਂ - ਮੁੱਖ ਮੰਤਰੀ ਮਹਿਲਾ ਸਨਮਾਨ ਯੋਜਨਾ ਤੇ ਸੰਜੀਵਨੀ ਯੋਜਨ - ਦਾ ਐਲਾਨ ਕੀਤਾ ਸੀ। ਮਹਿਲਾ ਸਨਮਾਨ ਯੋਜਨਾ ਤਹਿਤ 'ਆਪ' ਸੱਤਾ ਵਿੱਚ ਆਉਣ 'ਤੇ ਔਰਤਾਂ ਨੂੰ ਕ੍ਰਮਵਾਰ 2,100 ਰੁਪਏ ਦੀ ਮਾਸਕ ਸਹਾਇਤਾ ਦੇਵੇਗੀ ਅਤੇ ਸੰਜੀਵਨੀ ਯੋਜਨਾ ਤਹਿਤ ਸੀਨੀਅਰ ਨਾਗਰਿਕਾਂ ਲਈ ਪੂਰੀ ਸਿਹਤ ਕਵਰੇਜ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਕੇਜਰੀਵਾਲ ਨੇ ਭਾਜਪਾ 'ਤੇ ਸਰਕਾਰੀ ਅਧਿਕਾਰੀਆਂ ਦੀ ਬਾਂਹ ਮਰੋੜਨ ਅਤੇ ਉਨ੍ਹਾਂ 'ਤੇ ਨੋਟਿਸ ਜਾਰੀ ਕਰਨ ਲਈ ਦਬਾਅ ਪਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ, ਭਾਜਪਾ ਇਨ੍ਹਾਂ ਯੋਜਨਾਵਾਂ ਦੀ ਪ੍ਰਸਿੱਧੀ ਤੋਂ ਘਬਰਾ ਗਈ ਹੈ ਅਤੇ ਨਹੀਂ ਚਾਹੁੰਦੀ ਕਿ ਦਿੱਲੀ ਦੇ ਲੋਕਾਂ ਨੂੰ ਲਾਭ ਮਿਲੇ। ਉਨ੍ਹਾਂ ਸਪੱਸ਼ਟ ਕੀਤਾ ਕਿ ਦਿੱਲੀ ਕੈਬਿਨਟ ਨੇ ਪਹਿਲਾਂ ਹੀ ਹਰ ਔਰਤ ਨੂੰ 1,000 ਰੁਪਏ ਦੇਣ ਦੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।

ਰਾਸ਼ਟਰਪਤੀ ਮੁਰਮੂ ਵੱਲੋਂ 17 ਬੱਚਿਆਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਪ੍ਰਦਾਨ

ਰਾਸ਼ਟਰਪਤੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਕੀਤਾ ਯਾਦ

ਨਵੀਂ ਦਿੱਲੀ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਵੀਰਵਾਰ ਨੂੰ 17 ਬੱਚਿਆਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਪ੍ਰਦਾਨ ਕੀਤੇ, ਜਿਨ੍ਹਾਂ ਨੇ ਲਾਸਾਨੀ ਹਿੰਮਤ ਤੇ ਦਲੇਰੀ ਦਿਖਾਈ ਅਤੇ ਕਲਾ, ਸੱਭਿਆਚਾਰ ਤੇ ਖੇਡਾਂ ਸਮੇਤ ਵੱਖ-ਵੱਖ ਖੇਤਰਾਂ ਵਿਚ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਇਹ ਪੁਰਸਕਾਰ ਕਲਾ ਅਤੇ ਸੱਭਿਆਚਾਰ, ਬਹਾਦਰੀ, ਨਵੀਨਤਾ, ਵਿਗਿਆਨ ਅਤੇ ਤਕਨਾਲੋਜੀ, ਸਮਾਜ ਸੇਵਾ, ਖੇਡਾਂ ਅਤੇ ਵਾਤਾਵਰਨ ਸਮੇਤ ਸੱਤ ਵਰਗਾਂ ਵਿੱਚ ਬੇਮਿਸਾਲ ਪ੍ਰਾਪਤੀਆਂ ਲਈ ਦਿੱਤਾ ਜਾਂਦਾ ਹੈ।

ਇਸ ਕੌਕੇ 14 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਚੁਣੇ ਗਏ ਸੱਤ ਲੜਕਿਆਂ ਅਤੇ 10 ਲੜਕੀਆਂ ਨੂੰ ਸਨਮਾਨ ਵਜੋਂ ਇੱਕ ਮੈਡਲ, ਸਰਟੀਫਿਕੇਟ ਅਤੇ ਇੱਕ ਪ੍ਰਸ਼ੰਸਾ ਪੱਤਰ ਦਿੱਤਾ ਗਿਆ। ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿੱਚ ਕਲਾ ਅਤੇ ਸੱਭਿਆਚਾਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੀ 14 ਸਾਲਾ ਦਿਵਿਆਂਗ ਲੇਖਿਕਾ ਕੇਆ ਹਤਕਰ, ਕਸ਼ਮੀਰ ਦਾ 12 ਸਾਲਾ ਸੂਫ਼ੀ ਗਾਇਕ ਅਯਾਨ ਸਜਾਦ, 'ਸੇਰੇਬ੍ਰਲ ਪਾਲਸੀ' ਨਾਮੀ ਬਿਮਾਰੀ ਤੋਂ ਪੀੜਤ 17 ਸਾਲਾ ਵਿਆਸ ਓਮ ਜਿਗਨੇਸ਼ ਸ਼ਾਮਲ ਹਨ।]

ਜਿਗਨੇਸ਼ ਨੂੰ ਇਹ ਸਨਮਾਨ ਸੰਸਕ੍ਰਿਤ ਸਾਹਿਤ ਵਿਚ ਉਸ ਦੇ ਯੋਗਦਾਨ ਲਈ ਦਿੱਤਾ ਗਿਆ ਹੈ।

ਬਹਾਦਰੀ ਸ਼੍ਰੇਣੀ ਵਿੱਚ ਨੌਂ ਸਾਲਾ ਸੌਰਵ ਕੁਮਾਰ ਨੂੰ ਤਿੰਨ ਲੜਕੀਆਂ ਨੂੰ ਡੁੱਬਣ ਤੋਂ ਬਚਾਉਣ ਲਈ ਸਨਮਾਨਿਤ ਕੀਤਾ ਗਿਆ ਜਦਕਿ 17 ਸਾਲਾ ਇਓਨਾ ਥਾਪਾ ਨੂੰ ਇੱਕ ਫਲੈਟ ਦੇ 36 ਨਿਵਾਸੀਆਂ ਨੂੰ ਅੱਗ ਲੱਗਣ ਤੋਂ ਬਚਾਉਣ ਲਈ ਸਨਮਾਨਿਆ ਗਿਆ। ਨਵੀਨਤਾ ਲਈ ਸਿੰਧੂਰਾ ਰਾਜਾ (15) ਅਤੇ ਸਾਈਬਰ ਸੁਰੱਖਿਆ ਉੱਦਮੀ ਰਿਸ਼ਿਕ ਕੁਮਾਰ (17) ਨੂੰ ਪੁਰਸਕਾਰ ਦਿੱਤੇ ਗਏ।

ਖੇਡ ਵਰਗ ਵਿੱਚ ਜੂਡੋ ਖਿਡਾਰੀ ਹੇਮਵਤੀ ਨਾਗ, ਸ਼ਤਰੰਜ ਖਿਡਾਰੀ ਅਨੀਸ਼ ਸਰਕਾਰ ਅਤੇ ਰੂਪਨਗਰ (ਪੰਜਾਬ) ਦੀ 10 ਸਾਲਾ ਪਰਬਤਾਰੋਹੀ ਸਾਨਵੀ ਸੂਦ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਦਿੱਤਾ ਗਿਆ। ਰਾਸ਼ਟਰਪਤੀ ਮੁਰਮੂ ਨੇ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਇੱਕ ਪੀੜ੍ਹੀ ਨੂੰ ਉੱਤਮਤਾ ਹਾਸਲ ਕਰਨ ਅਤੇ ਸਮਾਜ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ।

ਇਸ ਮੌਕੇ ਰਾਸ਼ਟਰਪਤੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਨੂੰ ਵੀ ਉਨ੍ਹਾਂ ਦੀ ਬੇਮਿਸਾਲ ਕੁਰਬਾਨੀ ਲਈ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਦੇ ਸ਼ਹੀਦੀ ਦਿਹਾੜੇ ਨੂੰ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਇਆ ਜਾਂਦਾ ਹੈ ਅਤੇ ਇਸੇ ਸਬੰਧ ਵਿਚ ਅੱਜ ਇਹ ਪੁਰਸਕਾਰ ਪ੍ਰਦਾਨ ਕੀਤੇ ਗਏ।

ਰਾਸ਼ਟਰਪਤੀ ਮੁਰਮੂ ਨੇ ਕਿਹਾ, ਧਰਮ ਅਤੇ ਸਵੈ-ਮਾਣ ਲਈ ਉਨ੍ਹਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਅਣਗਿਣਤ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀਆਂ ਰਹਿਣਗੀਆਂ। ਇਸ ਦਿਨ ਰਾਸ਼ਟਰ ਉਨ੍ਹਾਂ ਦੀ ਬਹਾਦਰੀ ਅਤੇ ਦਲੇਰੀ ਅੱਗੇ ਸਤਿਕਾਰ ਵਜੋਂ ਆਪਣਾ ਸਿਰ ਝੁਕਾਉਂਦਾ ਹੈ।

ਕੈਬਿਨਟ ਸਬ-ਕਮੇਟੀ ਵੱਲੋਂ ਮੁੱਖ ਮੁੱਦਿਆਂ ਨੂੰ ਹੱਲ ਕਰਨ ਲਈ ਕਰਮਚਾਰੀ ਯੂਨੀਅਨਾਂ ਮੀਟਿੰਗ

ਚੰਡੀਗੜ੍ਹ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਸ਼ਮੂਲੀਅਤ ਵਾਲੀ ਕੈਬਿਨਟ ਸਬ-ਕਮੇਟੀ ਨੇ ਅੱਜ ਇਥੇ ਵੱਖ-ਵੱਖ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਵਿਸਤ੍ਰਿਤ ਮੀਟਿੰਗ ਕੀਤੀ। ਮੀਟਿੰਗ ਦਾ ਉਦੇਸ਼ ਕਰਮਚਾਰੀਆਂ ਨੂੰ ਦਰਪੇਸ਼ ਮੁਸ਼ਕਲਾਂ 'ਤੇ ਚਰਚਾ ਅਤੇ ਹੱਲ ਕਰਨਾ ਸੀ।

ਪਾਵਰਕੌਮ ਸੀ.ਐਚ.ਬੀ ਲਾਈਨਮੈਨ ਠੇਕਾ ਮੁਲਾਜਮ ਯੂਨੀਅਨ, ਸਰਬ ਸਿਖਿਆ ਅਭਿਆਨ ਮਿਡ-ਡੇਅ ਮੀਲ ਦਫਤਰੀ ਮੁਲਾਜਮ ਯੂਨੀਅਨ ਅਤੇ ਆਦਰਸ਼ ਸਕੂਲ ਟੀਚਿੰਗ ਨਾਨ-ਟੀਚਿੰਗ ਮੁਲਾਜਮ ਯੂਨੀਅਨ ਦੇ ਨੁਮਾਇੰਦਿਆਂ ਨੇ ਇੰਨ੍ਹਾਂ ਮੀਟਿੰਗਾਂ ਦੌਰਾਨ ਆਪਣੀਆਂ ਮੰਗਾਂ ਅਤੇ ਚਿੰਤਾਵਾਂ ਨਾਲ ਸਬੰਧਤ ਮੰਗ ਪੱਤਰ ਸੌਂਪੇ। ਯੂਨੀਅਨਾਂ ਆਗੂਆਂ ਨੇ ਆਪਣੇ ਕੰਮ ਦੀਆਂ ਸਥਿਤੀਆਂ, ਨੌਕਰੀ ਦੀ ਸੁਰੱਖਿਆ ਅਤੇ ਹੋਰ ਜ਼ਰੂਰੀ ਪਹਿਲੂਆਂ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਨੂੰ ਕੈਬਿਨਟ ਸਬ-ਕਮੇਟੀ ਨਾਲ ਸਾਂਝਾ ਕੀਤਾ।

ਇੰਨ੍ਹਾਂ ਮੀਟਿੰਗਾਂ ਦੌਰਾਨ ਕੈਬਿਨਟ ਸਬ-ਕਮੇਟੀ ਨੇ ਯੂਨੀਅਨਾਂ ਦੇ ਨੁਮਾਇੰਦਿਆਂ ਵੱਲੋਂ ਰੱਖੀਆਂ ਮੰਗਾਂ 'ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਡੂੰਘਾਈ ਨਾਲ ਵਿਚਾਰ ਵਟਾਂਦਰਾ ਕੀਤਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਯੂਨੀਅਨ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਬਹੁਤੇ ਮੁੱਦੇ ਪਹਿਲਾਂ ਹੀ ਵਿਚਾਰੇ ਜਾ ਰਹੇ ਹਨ। ਉਨ੍ਹਾਂ ਨੇ ਜਾਇਜ਼ ਮੰਗਾਂ ਨੂੰ ਤੁਰੰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਸਰਕਾਰ ਦੀ ਵਚਨਬੱਧਤਾ ਦੁਹਰਾਈ। ਸਕਾਰਾਤਮਕ ਨੋਟ 'ਤੇ ਸਮਾਪਤ ਹੋਈਆਂ ਇੰਨ੍ਹਾਂ ਮੀਟਿੰਗਾਂ ਦੌਰਾਨ ਯੂਨੀਅਨ ਦੇ ਨੁਮਾਇੰਦਿਆਂ ਨੇ ਸਰਕਾਰ ਦੀ ਹਾਂ-ਪੱਖੀ ਪਹੁੰਚ ਅਤੇ ਉਸਾਰੂ ਗੱਲਬਾਤ ਜਾਰੀ ਰੱਖਣ ਲਈ ਪ੍ਰਸ਼ੰਸਾ ਕੀਤੀ। ਮੀਟਿੰਗਾਂ ਦੌਰਾਨ ਪਾਵਰਕੌਮ ਸੀ.ਐਚ.ਬੀ ਲਾਈਨਮੈਨ ਠੇਕਾ ਮੁਲਾਜਣ ਯੂਨੀਅਨ ਦੀ ਨੁਮਾਇੰਦਗੀ ਸੂਬਾ ਪ੍ਰਧਾਨ ਅੰਗਰੇਜ ਸਿੰਘ, ਜਨਰਲ ਸਕੱਤਰ ਰਾਕੇਸ਼ ਕੁਮਾਰ, ਸੂਬਾ ਸੀਨੀਅਰ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਬੁੱਟਰ, ਸੂਬਾ ਖਜ਼ਾਨਚੀ ਅਜੈ ਕੁਮਾਰ ਨੇ ਕੀਤੀ। ਸਰਬ ਸਿਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਮੁਲਾਜਮ ਯੂਨੀਅਨ ਦੀ ਨੁਮਾਇੰਦਗੀ ਕੁਲਦੀਪ ਸਿੰਘ, ਰਜਿੰਦਰ ਸਿੰਘ ਸੰਧਾ, ਪਰਵੀਨ ਸ਼ਰਮਾ, ਰਮੇਸ਼ ਸਹਾਰਨ ਅਤੇ ਨਰਿੰਦਰ ਕੁਮਾਰ ਨੇ ਕੀਤੀ। ਇਸ ਦੌਰਾਨ ਆਦਰਸ਼ ਸਕੂਲ ਟੀਚਿੰਗ ਨਾਨ-ਟੀਚਿੰਗ ਮੁਲਾਜਮ ਯੂਨੀਅਨ ਦੀ ਨੁਮਾਇੰਦਗੀ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ, ਜਨਰਲ ਸਕੱਤਰ ਸੁਖਦੀਪ ਕੌਰ ਸਰਾਂ, ਮੀਤ ਪ੍ਰਧਾਨ ਮੀਨੂੰ ਬਾਲਾ, ਸੂਬਾ ਮੀਡੀਆ ਇੰਚਾਰਜ ਅਮਨ ਸ਼ਾਸਤਰੀ ਨੇ ਕੀਤੀ।

ਡੇਰਾ ਰਾਧਾਸੁਆਮੀ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਅਤੇ ਜਥੇਦਾਰ ਹਰਪ੍ਰੀਤ ਸਿੰਘ ਦਰਮਿਆਨ 'ਗੁਪਤ ਮੁਲਾਕਾਤ

ਮੀਟਿੰਗ ਦੌਰਾਨ ਅਕਾਲੀ ਆਗੂ ਸੁਰਜੀਤ ਸਿੰਘ ਰੱਖੜਾ ਵੀ ਪੁੱਜੇ; ਧਾਰਮਿਕ ਤੇ ਸਿਆਸੀ ਗਲਿਆਰਿਆਂ 'ਚ ਭਖ਼ਿਆ ਕਿਆਫ਼ਿਆਂ ਦਾ ਦੌਰ

ਬਠਿੰਡਾ, 27 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡੇਰਾ ਰਾਧਾਸੁਆਮੀ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਵੀਰਵਾਰ ਨੂੰ ਇਥੇ ਇੱਕ ਘੰਟੇ ਤੋਂ ਵੱਧ ਸਮਾਂ ਆਪਸ ਵਿੱਚ ਗੱਲਬਾਤ ਹੋਈ। ਜਥੇਦਾਰ ਹਰਪ੍ਰੀਤ

ਸਿੰਘ ਦੀ ਸਥਾਨਕ ਬਰਨਾਲਾ ਰੋਡ 'ਤੇ ਸਥਿਤ ਰਿਹਾਇਸ਼ਗਾਹ 'ਤੇ ਹੋਈ ਇਹ ਗ਼ੁਫ਼ਤਗੂ ਇੰਨੀ ਗੁਪਤ ਸੀ ਕਿ ਦੋਵੇਂ ਧਿਰਾਂ ਵੱਲੋਂ ਇਸ ਬਾਰੇ ਖ਼ਾਮੋਸ਼ੀ ਧਾਰਨ ਕੀਤੀ ਹੋਈ ਹੈ।

ਜਾਣਕਾਰੀ ਅਨੁਸਾਰ ਡੇਰਾ ਮੁਖੀ ਦਾ ਬਠਿੰਡਾ-ਗੋਨਿਆਣਾ ਮਾਰਗ 'ਤੇ ਸਥਿਤ ਸਥਾਨਕ ਡੇਰਾ ਰਾਧਾਸੁਆਮੀ ਵਿੱਚ ਆਉਣ ਦਾ ਪ੍ਰੋਗਰਾਮ ਪਹਿਲਾਂ ਹੀ ਤੈਅ ਸੀ। ਉਨ੍ਹਾਂ ਦਾ ਹੈਲੀਕਾਪਟਰ ਇੱਥੇ ਥਰਮਲ ਕਲੋਨੀ ਵਿੱਚ ਬਣੇ ਅਸਥਾਈ ਹੈਲੀਪੈਡ 'ਤੇ ਉਤਰਿਆ ਅਤੇ ਇੱਥੋਂ ਉਹ ਕਾਰ ਰਾਹੀਂ ਜਥੇਦਾਰ ਸਾਹਿਬ ਦੀ ਰਿਹਾਇਸ਼ 'ਤੇ ਚਲੇ ਗਏ। ਪਤਾ ਲੱਗਾ ਹੈ ਕਿ ਅਕਾਲੀ ਆਗੂ ਸੁਰਜੀਤ ਸਿੰਘ ਰੱਖੜਾ ਵੀ ਇਸ ਮੌਕੇ ਉਥੇ ਪਹੁੰਚ ਗਏ। ਘਰ ਦੇ ਆਲੇ-ਦੁਆਲੇ ਭਾਰੀ ਸੁਰੱਖਿਆ ਪ੍ਰਬੰਧ ਹੋਣ ਕਰ ਕੇ ਮੀਡੀਆ ਕਰਮੀਆਂ ਨੂੰ ਘਰ ਤੋਂ ਦੂਰ ਹੀ ਰੱਖਿਆ ਗਿਆ।

ਗੌਰਤਲਬ ਹੈ ਕਿ ਜਥੇਦਾਰ ਹਰਪ੍ਰੀਤ ਸਿੰਘ ਦੇ ਕਥਿਤ ਸਾਂਢੂ ਵੱਲੋਂ ਉਨ੍ਹਾਂ ਬਾਰੇ ਕੀਤੀਆਂ ਵਿਵਾਦਤ ਟਿੱਪਣੀਆਂ ਦੇ ਸਬੰਧ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿਗ ਕਮੇਟੀ ਵੱਲੋਂ ਉਨ੍ਹਾਂ ਦੀਆਂ ਜਥੇਦਾਰ ਵਜੋਂ ਸੇਵਾਵਾਂ 'ਤੇ 15 ਦਿਨਾਂ ਲਈ ਰੋਕ ਲਾਈ ਹੋਈ ਹੈ। ਉਂਜ ਵੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਤੋਂ ਲੈ ਕੇ ਤਨਖ਼ਾਹ ਲਾਉਣ ਤੱਕ ਦੇ ਵੱਖ-ਵੱਖ ਪੜਾਵਾਂ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਦੀ ਭੂਮਿਕਾ ਬਾਰੇ ਅਸਿੱਧੇ ਰੂਪ 'ਚ ਕਈ ਤਰ੍ਹਾਂ ਦੇ 'ਕਿੰਤੂ-ਪ੍ਰੰਤੂ' ਹੁੰਦੇ ਆ ਰਹੇ ਹਨ।

ਇੱਕ ਸਮਾਂ ਅਜਿਹਾ ਵੀ ਆਇਆ ਕਿ ਗਿਆਨੀ ਹਰਪ੍ਰੀਤ

ਬੀਤੇ ਦਿਨੀਂ ਕੇਂਦਰੀ ਵਿੱਤ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਬਜਟ ਖੇਤੀ ਔਕੜਾਂ ਦਾ ਸਾਹਮਣਾ ਕਰਨ ਤੋਂ ਅਸਮਰੱਥ ਨਜ਼ਰ ਆਉਂਦਾ ਹੈ। ਸੰਕਟ ਨਾਲ ਜੂਝ ਰਹੀ ਪੰਜਾਬ ਦੀ ਕਿਸਾਨੀ ਨੂੰ ਕਰਜ਼ੇ ਤੋਂ ਮੁਕਤੀ ਦਿਵਾਉਣ ਲਈ ਨਾ ਤਾਂ ਕੋਈ ਪੈਕੇਜ ਦਿੱਤਾ ਗਿਆ ਅਤੇ ਨਾ ਹੀ ਕਰਜ਼ ਉੱਪਰ ਵਿਆਜ ਦਰਾਂ ਘਟਾਈਆਂ ਗਈਆਂ। ਖੇਤੀ ਖੋਜਾਂ ਲਈ ਵੀ ਫੰਡਾਂ 'ਚ ਵੀ ਨਿਗੂਣਾ ਵਾਧਾ ਕੀਤਾ ਗਿਆ ਹੈ...

ਖੇਤੀ ਨੂੰ ਨਿਗੂਣੀ ਤਵੱਜੋਂ

• ਬਲਦੇਵ ਸਿੰਘ ਢਿੱਲੋਂ, ਸੁਖਪਾਲ ਸਿੰਘ

ਭਾਰਤੀ ਖੇਤੀ ਖੇਤਰ 130 ਕਰੋੜ ਲੋਕਾਂ ਨੂੰ ਅੰਨ ਸੁਰੱਖਿਆ ਮੁਹੱਈਆ ਕਰਦਾ ਹੈ, ਜਿਸ 'ਚ 54 ਫ਼ੀਸਦੀ ਕਿਰਤ ਸ਼ਕਤੀ ਲੱਗੀ ਹੋਈ ਤੇ ਦੋ-ਤਿਹਾਈ ਪੇਂਡੂ ਲੋਕ ਇਸ 'ਤੇ ਨਿਰਭਰ ਹਨ। ਖੇਤੀਬਾੜੀ ਦੇਸ਼ ਦੇ ਅਰਥਚਾਰੇ ਦੇ ਹੋਰ ਖੇਤਰਾਂ ਦੇ ਵਿਕਾਸ 'ਚ ਵੀ ਵੱਡਾ ਯੋਗਦਾਨ ਪਾਉਂਦੀ ਹੈ। ਖੇਤੀ ਖੇਤਰ ਦੀ ਵਿਕਾਸ ਦਰ 2008-12 ਦੌਰਾਨ 1.40 ਫੀਸਦੀ ਸੀ, ਜੋ ਖਿਸਕ ਕੇ 2.20 ਫ਼ੀਸਦੀ ਸਾਲਾਨਾ ਆ ਗਈ, ਜਦਕਿ ਭਾਰਤੀ ਆਰਥਚਾਰਾ 8 ਫ਼ੀਸਦੀ ਸਾਲਾਨਾ ਦੀ ਦਰ ਨਾਲ ਵਿਕਾਸ ਕਰ ਰਿਹਾ ਹੈ। ਇਸ ਤਰ੍ਹਾਂ ਖੇਤੀ ਖੇਤਰ ਦੂਸਰੇ ਖੇਤਰਾਂ ਨਾਲੋਂ ਕਾਫੀ ਪਿੱਛੇ ਹੈ। ਇਸ ਦੇ ਬਾਵਜੂਦ ਮੌਜੂਦਾ ਬਜਟ 'ਚ ਖੇਤੀ ਖੇਤਰ ਨੂੰ ਬਣਦੀ ਤਰਜੀਹ ਨਹੀਂ ਦਿੱਤੀ ਗਈ।

ਏ-2 ਅਤੇ ਸੀ-2 ਲਾਗਤਾਂ

ਦੇਸ਼ 'ਚ ਅਨਾਜ ਦੀ ਘਾਟ ਪੂਰੀ ਕਰਨ ਲਈ ਕੇਂਦਰ ਸਰਕਾਰ ਨੇ 1965-66 'ਚ ਕਣਕ ਤੇ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ 'ਤੇ ਸਰਕਾਰੀ ਖ਼ਰੀਦ ਸ਼ੁਰੂ ਕੀਤੀ। ਫ਼ਸਲਾਂ ਦੀਆਂ ਕੀਮਤਾਂ ਨਿਸ਼ਚਤ ਕਰਨ ਲਈ ਦੋ ਧਾਰਨਾਵਾਂ ਏ-2 ਤੇ ਸੀ-2 ਲਾਗਤ ਦੀ ਵਰਤੋਂ ਕੀਤੀ ਜਾਂਦੀ ਹੈ। ਲਾਗਤ ਏ-2 'ਚ ਕਿਸਾਨਾਂ ਦੁਆਰਾ ਨਕਦ ਭੁਗਤਾਨ ਕੀਤੇ ਗਏ ਖ਼ਰਚੇ ਜਾਂ ਉਤਪਾਦਨ ਲਾਗਤ ਜਿਵੇਂ ਬੀਜ, ਖਾਦ ਕੀਟਨਾਸ਼ਕ, ਲੇਬਰ, ਸਿੰਚਾਈ ਕੀਮਤ, ਰੱਖ-ਰਖਾਓ ਦੀ ਕੀਮਤ ਸ਼ਾਮਿਲ ਹੁੰਦੀ ਹੈ। ਇਸ ਤੋਂ ਇਲਾਵਾ ਇਸ 'ਚ ਜ਼ਮੀਨ ਦਾ ਠੇਕਾ, ਸੰਦਾਂ ਦੀ ਟੁੱਟ-ਭੱਜ, ਵਿਆਜ ਤੇ ਆਪਣੇ ਬੀਜ ਦੀ ਕੀਮਤ, ਆਪਣੀ ਰੂੜੀ ਤੇ ਆਪਣੀ ਮਸ਼ੀਨੀ ਲੇਬਰ ਵੀ ਸ਼ਾਮਿਲ ਹੈ। ਸੀ-2 ਲਾਗਤ 'ਚ ਏ-2 ਲਾਗਤ ਵਾਲੀਆਂ ਸਾਰੀਆਂ ਲਾਗਤਾਂ ਸ਼ਾਮਿਲ ਹੁੰਦੀਆਂ ਹੀ ਹਨ, ਸਗੋਂ ਇਸ 'ਚ ਪਰਿਵਾਰ ਦੀ ਲੇਬਰ, ਸਥਿਰ ਪੂੰਜੀ ਉੱਪਰ ਵਿਆਜ਼ ਤੇ ਆਪਣੀ ਜ਼ਮੀਨ ਦਾ ਠੇਕਾ ਵੀ ਸ਼ਾਮਿਲ ਕੀਤਾ ਜਾਂਦਾ ਹੈ।

ਸਿਫ਼ਾਰਸ਼ਾਂ ਦਰਕਿਨਾਰ

ਡਾ. ਐਮਐਸ ਸਵਾਮੀਨਾਥਨ ਕਮੇਟੀ ਨੇ ਕੇਂਦਰ ਸਰਕਾਰ ਨੂੰ 2008 'ਚ ਸੌਂਪੀ ਰਿਪੋਰਟ 'ਚ ਸਿਫ਼ਾਰਸ਼ ਕੀਤੀ ਸੀ ਕਿ ਘੱਟੋ-ਘੱਟ ਸਮਰਥਨ ਮੁੱਲ ਨੂੰ ਸੀ-2 ਲਾਗਤ ਉੱਪਰ 50 ਫ਼ੀਸਦੀ ਮੁਨਾਫ਼ੇ ਦੇ ਆਧਾਰ 'ਤੇ ਤੈਅ ਕੀਤਾ ਜਾਵੇ। ਕੇਂਦਰ ਸਰਕਾਰ ਵੱਲੋਂ ਇਹ ਸਿਫ਼ਾਰਸ਼ ਮੰਨੀ ਨਹੀਂ ਗਈ ਬਲਕਿ ਕੇਂਦਰ ਨੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਦੇ ਇਸ ਫਾਰਮੂਲੇ ਵਿਰੁੱਧ ਸੁਪਰੀਮ ਕੋਰਟ 'ਚ ਲਿਖਤੀ ਬਿਆਨ ਦੇ ਦਿੱਤਾ। ਭਾਵੇਂ ਵਿੱਤ ਮੰਤਰੀ ਵੱਲੋਂ ਬਜਟ ਭਾਸ਼ਣ 'ਚ ਘੱਟੋ-ਘੱਟ ਸਮਰਥਨ ਮੁੱਲ ਨੂੰ ਉਤਪਾਦਨ ਲਾਗਤ 'ਚ 50 ਫ਼ੀਸਦੀ ਮੁਨਾਫ਼ਾ ਜੋੜ ਕੇ ਤੈਅ ਕਰਨ ਬਾਰੇ ਕਿਹਾ ਹੈ ਪਰ ਇਹ ਕਿਸ ਧਾਰਨਾ 'ਤੇ ਨਿਸ਼ਚਤ ਕਰਨਾ ਹੈ, ਇਸ ਸਬੰਧੀ ਬਜਟ ਚੁੱਪ ਹੈ। ਬਜਟ 'ਚ ਕਿਹਾ ਗਿਆ ਕਿ ਹਾੜ੍ਹੀ 2017-18 ਦੀਆਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਉਤਪਾਦਨ ਲਾਗਤ ਉੱਪਰ 50 ਫ਼ੀਸਦੀ ਮੁਨਾਫ਼ਾ ਜੋੜ ਕੇ ਤੈਅ ਕੀਤਾ ਗਿਆ ਹੈ। ਇਸ ਤੋਂ ਇੰਜ ਜਾਪਦਾ ਹੈ ਕਿ ਕੇਂਦਰ ਸਰਕਾਰ ਸੀ-2 ਲਾਗਤ ਤੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਦੀ ਥਾਂ ਕਿਸੇ ਹੋਰ ਪਰਿਭਾਸ਼ਾ 'ਤੇ ਕੰਮ ਕਰ ਰਹੀ ਹੈ। ਹਾਲਾਂਕਿ ਕਿਸਾਨੀ ਸੰਕਟ ਨਾਲ ਨਜਿੱਠਣ ਤੇ ਉਨਾਂ ਦੇ ਗੁਜ਼ਾਰੇਯੋਗ ਜੀਵਨ ਪੱਧਰ ਲਈ ਮੁਨਾਫ਼ੇ ਵਾਲੀ ਕੀਮਤ ਹੋਣੀ ਚਾਹੀਦੀ ਹੈ।

ਖੋਜ ਕਾਰਜਾਂ ਲਈ ਫੰਡਾਂ ਦੀ ਘਾਟ

ਖੇਤੀਬਾੜੀ ਗੰਭੀਰ ਸਮੱਸਿਆਵਾਂ ਨਾਲ ਜੂਝ ਰਹੀ ਹੈ ਪਰ ਬਜਟ ਵਿਚ ਖੋਜ ਤੇ ਵਿਕਾਸ ਨੂੰ ਬਹੁਤ ਘੱਟ ਤਵੱਜੋ ਦਿੱਤੀ ਗਈ। 2017-18 ਵਿਚ ਭਾਰਤੀ ਖੇਤੀ ਖੋਜ ਕੌਂਸਲ ਨੂੰ ਬਜਟ ਵਿੱਚੋਂ 6,992 ਕਰੋੜ ਰੁਪਏ ਮਿਲੇ ਸਨ, ਜਿਹੜੇ ਇਸ ਬਜਟ 'ਚ ਵਧ ਕੇ 7,800 ਕਰੋੜ ਰੁਪਏ ਹੋਏ ਹਨ। ਇਹ ਨਿਗੂਣਾ ਵਾਧਾ ਖੇਤੀ ਖੋਜ ਨੂੰ ਵਧਾਉਣ ਲਈ ਕਾਫ਼ੀ ਨਹੀਂ। ਭਾਰਤੀ ਖੇਤੀ ਖੋਜ ਕੌਂਸਲ ਕਈ ਸਾਲਾਂ ਤੋਂ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਆਲ ਇੰਡੀਆ ਕੋਆਰਡੀਨੇਟਿਡ ਰਿਸਰਚ ਪ੍ਰਾਜੈਕਟ, ਜਿਸ ਨੇ ਦੇਸ਼ 'ਚ ਖੇਤੀ ਖੋਜ ਪ੍ਰਣਾਲੀ ਨੂੰ ਪੱਕੇ ਪੈਰੀਂ ਕੀਤਾ ਹੈ, ਅਧੀਨ ਆਉਂਦੀਆਂ ਸੂਬਾਈ ਖੇਤੀ ਯੂਨੀਵਰਸਿਟੀਆਂ ਦੀਆਂ ਪੋਸਟਾਂ ਨੂੰ ਵੱਡੀ ਗਿਣਤੀ 'ਚ ਖ਼ਤਮ ਕੀਤਾ ਜਾ ਰਿਹਾ ਹੈ। ਇਸ ਦੇ ਅਧੀਨ ਹੀ ਭਾਰਤੀ ਖੇਤੀ ਖੋਜ ਕੌਂਸਲ ਨੇ ਖੋਜ ਫੰਡਾਂ 'ਚ ਕਟੌਤੀ ਕਰ ਕੇ ਪੀਏਯੂ ਲੁਧਿਆਣਾ ਦੀਆਂ 2014-15 ਤੋਂ ਬਾਅਦ 100 ਤੋਂ ਵੱਧ ਅਸਾਮੀਆਂ ਖ਼ਤਮ ਕਰ ਦਿੱਤੀਆਂ। ਜੇ ਇਹ ਹਾਲਾਤ ਖੇਤੀਬਾੜੀ ਯੂਨੀਵਰਸਟੀਆਂ 'ਚੋਂ ਅੱਵਲ ਦਰਜਾ ਪ੍ਰਾਪਤ ਯੂਨੀਵਰਸਿਟੀ ਪੀਏਯੂ ਦੀ ਹੈ ਤਾਂ ਭਾਰਤ ਵਿਚ ਖੇਤੀ ਖੋਜ ਪ੍ਰਣਾਲੀ ਦੀ ਹਾਲਤ ਬਾਰੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਛੋਟੇ ਕਿਸਾਨਾਂ ਲਈ ਸਹੂਲਤਾਂ ਦੀ ਘਾਟ

ਘੱਟੋ-ਘੱਟ ਸਮਰਥਨ ਮੁੱਲ ਕਿਸਾਨਾਂ ਲਈ ਕੋਈ ਸੰਜੀਵਨੀ ਬੂਟੀ ਨਹੀਂ ਹੈ ਕਿਉਂਕਿ ਪੰਜਾਬ 'ਚ 34 ਤੇ ਦੇਸ਼ 'ਚ 85 ਫ਼ੀਸਦੀ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। ਇਸ ਲਈ ਉਨ੍ਹਾਂ ਨੂੰ ਬੀਜ, ਖਾਦਾਂ, ਸਪਰੇਅ ਤੇ ਮਸ਼ੀਨਰੀ ਉੱਪਰ ਸਬਸਿਡੀ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ 'ਚ ਸਮਾਂਬੱਧ ਵਾਧਾ ਕਰਦੇ ਹੋਏ ਸਾਰਾ ਸਾਲ ਖ਼ਰੀਦ ਹੋਣੀ ਚਾਹੀਦੀ ਹੈ ਤਾਂ ਕਿ ਕਟਾਈ ਸਮੇਂ ਫ਼ਸਲ ਉਤਪਾਦਨ ਦੀ ਭਰਮਾਰ ਨੂੰ ਰੋਕਿਆ ਜਾ ਸਕੇ। ਖ਼ਰੀਦ ਏਜੰਸੀਆਂ ਦੀ ਭੂਮਿਕਾ ਸੁਖਾਲੀ ਹੋ ਸਕੇ ਤੇ ਭੰਡਾਰਨ ਦੌਰਾਨ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕੇ। ਬਜਟ 'ਚ ਇਨ੍ਹਾਂ ਪੱਖਾਂ ਨੂੰ ਅਣਗੌਲਿਆ ਗਿਆ ਹੈ।

24 ਦੀ ਥਾਂ ਛੇ ਫ਼ਸਲਾਂ ਦੀ ਖ਼ਰੀਦ

ਡਾ. ਰਮੇਸ਼ ਚੰਦ ਕਮੇਟੀ ਨੇ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਤ ਕਰਨ ਲਈ ਕਿਸਾਨ ਪਰਿਵਾਰ ਦੇ ਮੁਖੀ ਨੂੰ ਸਿੱਖਿਅਤ ਕਾਮਾ ਮੰਨਣ, ਵਿਆਜ ਅੱਧੇ ਦੀ ਥਾਂ ਸਾਰੇ ਸੀਜ਼ਨ ਲਈ ਨਿਸਚਤ ਕਰਨ ਤੇ ਜ਼ਮੀਨ ਦਾ ਠੇਕਾ ਇਕ-ਤਿਹਾਈ ਦੀ ਥਾਂ ਪੂਰਾ ਪਾਉਣ ਦੀ ਸਿਫ਼ਾਰਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਫ਼ਸਲਾਂ ਦੇ ਮੰਡੀਕਰਨ, ਛੰਟ-ਛੋਆਈ, ਸਫ਼ਾਈ, ਗਰੇਡਿੰਗ ਤੇ ਪੈਕੇਜਿੰਗ ਦੇ ਖ਼ਰਚੇ ਵੀ ਸਮਰਥਨ ਮੁੱਲ 'ਚ ਜੁੜਨੇ ਚਾਹੀਦੇ ਹਨ। ਖੇਤੀ ਸੰਕਟ ਨਾਲ ਨਜਿੱਠਣ ਲਈ ਘੱਟੋ-ਘੱਟ ਸਮਰਥਨ ਮੁੱਲ ਸੀ-2 ਲਾਗਤਾਂ 'ਤੇ ਡਾ. ਰਮੇਸ਼ ਚੰਦ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਤੈਅ ਕਰਨਾ ਚਾਹੀਦਾ ਹੈ। ਗੰਨੇ ਸਮੇਤ 24 ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਐਲਾਨ ਕੀਤਾ ਜਾਂਦਾ ਹੈ ਪਰ ਕਣਕ, ਝੋਨੇ ਸਮੇਤ ਸਿਰਫ਼ ਛੇ ਫ਼ਸਲਾਂ ਦੀ ਹੀ ਖ਼ਰੀਦ ਕੀਤੀ ਜਾਂਦੀ ਹੈ। ਇਸ ਬਜਟ ਵਿਚ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਦੀ ਗੱਲ ਤਾਂ ਕਹੀ ਗਈ ਪਰ ਇਸ ਦੀ ਖ਼ਰੀਦ ਬਾਰੇ ਬਜਟ ਚੁੱਪ ਹੈ। ਜੇ ਕੁਝ ਫ਼ਸਲਾਂ ਖ਼ਰੀਦਣ ਦਾ ਮੌਜੂਦਾ ਸਿਸਟਮ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਉਤਰ-ਪੱਛਮੀ ਖੇਤਰਾਂ 'ਚ ਫ਼ਸਲੀ ਵਿਭਿੰਨਤਾ ਨੂੰ ਵੱਡੀ ਠੇਸ ਲਗੇਗੀ।

ਖੇਤੀ ਕਰਜ਼ਾਂ ਵੀ ਅਣਗੌਲਿਆ

ਅੱਜ ਪੰਜਾਬ ਬੇਹੱਦ ਨਾਜ਼ੁਕ ਮੋੜ 'ਤੇ ਖੜ੍ਹਾ ਹੈ। 2.08 ਲੱਖ ਕਰੋੜ ਰੁਪਏ ਦੇ ਭਾਰੀ ਕਰਜ਼ ਨੇ ਪੰਜਾਬ ਨੂੰ ਵਿੱਤੀ ਸੰਕਟ ਵੱਲ ਧੱਕ ਦਿੱਤਾ ਹੈ। ਖੇਤੀ 'ਤੇ ਨਿਰਭਰ ਪਰਿਵਾਰ ਕਠਿਨਾਈ 'ਚ ਹਨ। ਡੇਢ ਦਹਾਕੇ ਦੌਰਾਨ ਪੰਜਾਬ 'ਚ 16,606 (ਦੇਸ 'ਚ 3 ਲੱਖ ਤੋਂ ਉੱਪਰ) ਕਿਸਾਨ ਤੇ ਖੇਤ ਮਜ਼ਦੂਰ ਆਤਮ ਹੱਤਿਆ ਕਰ ਚੁੱਕੇ ਹਨ। ਬਜਟ 'ਚ ਕਰਜ਼ਾ ਮਾਫ਼ੀ ਤੇ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦੀ ਕੋਈ ਮਦਦ ਨਹੀਂ ਕੀਤੀ ਗਈ। ਖੇਤ ਮਜ਼ਦੂਰਾਂ ਨੂੰ ਵੀ ਅੱਖੋਂ ਪਰੋਖੇ ਕੀਤਾ ਗਿਆ ਹੈ। ਸੰਸਥਾਗਤ ਕਰਜ਼ੇ ਦੀ ਹੱਦ 10 ਲੱਖ ਕਰੋੜ ਤੋਂ ਵਧਾ ਕੇ 11 ਲੱਖ ਕਰੋੜ ਰੁਪਏ ਕਰ ਦਿੱਤੀ ਗਈ ਪਰ ਵਿਆਜ਼ ਦਰ ਨਹੀਂ ਘਟਾਈ ਗਈ, ਜੋ ਕਿਸਾਨਾਂ ਵੱਲੋਂ ਗ਼ੈਰ-ਸੰਸਥਾਗਤ ਵਸੀਲਿਆਂ ਤੋਂ ਕਰਜ਼ ਲੈਣ ਨੂੰ ਠੱਲ੍ਹ ਪਾਉਣ ਵਾਸਤੇ ਜ਼ਰੂਰੀ ਸੀ। ਪੰਜਾਬ ਦੀ ਖੇਤੀ ਉਤਪਾਦਕਤਾ ਸਾਰੇ ਸੂਬਿਆਂ ਨਾਲੋਂ ਵੱਧ ਹੈ। ਮੌਜੂਦਾ ਹਾਲਾਤ 'ਚ ਇਥੇ ਖੇਤੀ ਆਮਦਨ 'ਚ ਵਾਧਾ ਕਰਨਾ ਮੁਸਕਲ ਹੈ। ਇਥੇ ਖੇਤੀ ਪਰਿਵਾਰਾਂ ਦੀ ਗ਼ੈਰ-ਖੇਤੀ ਖੇਤਰ ਤੋਂ ਆਮਦਨ ਕੁੱਲ ਆਮਦਨ ਦਾ 9.48 ਫ਼ੀਸਦੀ ਹੈ ਜਦਕਿ ਦੇਸ਼ 'ਚ ਇਹ ਦਰ 47.9 ਫ਼ੀਸਦੀ ਹੈ। ਕਿਸਾਨਾਂ ਦੀ ਆਮਦਨ ਵਧਾਉਣ ਵਾਸਤੇ ਗ਼ੈਰ-ਖੇਤੀ ਰੁਜ਼ਗਾਰ ਪੈਦਾ ਕੀਤਾ ਜਾਣਾ ਚਾਹੀਦਾ ਸੀ ਪ੍ਰੰਤੂ ਇਸ ਵੱਲ ਵੀ ਧਿਆਨ ਨਹੀਂ ਦਿੱਤਾ ਗਿਆ।

ਬਜਟ ਚੁਣੌਤੀਆਂ ਨਾਲ ਲੜਨ ਤੋਂ ਅਸਮਰੱਥ

ਪੰਜਾਬ ਨੂੰ ਵਿਸ਼ੇਸ਼ ਪੈਕੇਜ਼ ਦਿੱਤਾ ਜਾਣਾ ਚਾਹੀਦਾ ਸੀ। ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦਿੱਤੇ ਜਾਣ ਨਾਲ ਪੰਜਾਬ ਦੀ ਸਨਅਤ ਨੂੰ ਧੱਕਾ ਲੱਗਾ ਹੈ। ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ 'ਚ ਖੇਤੀ ਆਧਾਰਿਤ ਸਨਅਤਾਂ ਲਗਾਉਣਾ ਜ਼ਿਆਦਾ ਫ਼ਾਇਦੇਮੰਦ ਹੈ। ਪੰਜਾਬ 'ਚ ਖੇਤੀ-ਆਧਾਰਿਤ ਸਨਅਤਾਂ ਲਗਾਉਣ ਲਈ ਖ਼ਾਸ ਕਰਕੇ ਸਰਹੱਦੀ ਜ਼ਿਲ੍ਹਿਆਂ ਵਿਚ ਜ਼ਰੂਰ ਰਿਆਇਤਾਂ ਮਿਲਣੀਆਂ ਚਾਹੀਦੀਆਂ ਸਨ। ਖੇਤੀ ਉਦਯੋਗ ਵਸਤਾਂ ਦੀ ਬਰਾਮਦ ਲਈ ਜ਼ਮੀਨੀ ਰਸਤੇ ਰਾਹੀਂ ਵਪਾਰ ਵਧਾਉਣ ਲਈ ਵੀ ਬਜਟ 'ਚ ਕੁਝ ਨਹੀਂ ਕੀਤਾ ਗਿਆ। ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਕੇਂਦਰੀ ਬਜਟ ਖੇਤੀ ਤੇ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਨਹੀਂ ਹੈ। •

ਕੇਂਦਰ ਸਰਕਾਰ ਨੂੰ ਭਾਰਤੀ ਖੇਤੀ ਖੋਜ ਕੌਂਸਲ ਨੂੰ ਵਧੇਰੇ ਫੰਡ ਮੁਹੱਈਆ ਕਰਵਾਉਣੇ ਚਾਹੀਦੇ ਸਨ, ਤਾਂ ਕਿ ਖੇਤੀ ਯੂਨੀਵਰਸਿਟੀਆਂ 'ਚ ਖ਼ਤਮ ਕੀਤੀਆਂ ਪੋਸਟਾਂ ਬਹਾਲ ਹੋ ਸਕਣ ਤੇ ਖੇਤੀ ਖੋਜ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਜਲਵਾਯੂ ਤਬਦੀਲੀਆਂ ਕਾਰਨ ਸਮੁੱਚੀ ਖੋਜ ਦਾ ਮੁਹਾਣ ਬਦਲਣ ਤੇ ਖੋਜ ਨੂੰ ਬਹੁ-ਦਿਸ਼ਾਵੀ ਬਣਾਉਣ ਦੀ ਲੋੜ ਹੈ। ਬਜਟ 'ਚ ਇਸ ਲਈ ਕਾਫ਼ੀ ਫੰਡ ਰੱਖੇ ਜਾਣੇ ਚਾਹੀਦੇ ਸਨ ਤਾਂ ਕਿ ਖੇਤੀ ਖੋਜ ਜਲਵਾਯੂ ਤਬਦੀਲੀਆਂ ਕਾਰਨ ਪੈਦਾ ਹੋ ਰਹੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਕਾਬਲ ਹੋ ਸਕੇ।

ਪਿਆਜ਼ ਦੀ ਬੀਜ ਵਾਲੀ ਫ਼ਸਲ ਦਾ ਬਿਮਾਰੀਆਂ ਤੋਂ ਬਚਾਅ

• ਅਮਰਜੀਤ ਸਿੰਘ, ਅੰਜੂ ਬਾਲਾ
94637-47280

ਪਿਆਜ਼ ਪੰਜਾਬ ਦੀ ਮਹੱਤਵਪੂਰਨ ਫ਼ਸਲ ਹੈ। ਇਸ 'ਚ ਪਾਏ ਜਾਣ ਵਾਲੇ ਐਲੀਸਿਨ, ਐਲੀਨਥਾਇਓ ਸਲਫੇਟ, ਸਲਫਾਈਟ ਤੱਤ ਕੈਂਸਰ, ਸ਼ੂਗਰ, ਕੋਲੈਸਟਰਾਲ ਤੇ ਜਿਗਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸਮਰਥਾ ਰੱਖਦੇ ਹਨ। ਪੰਜਾਬ 'ਚ ਪਿਆਜ਼ ਦੀ 450 ਤੋਂ 500 ਕਰੋੜ ਰੁਪਏ ਦੀ ਮੰਗ ਹੈ ਪਰ ਪੰਜਾਬ 'ਚ 100 ਤੋਂ 125 ਕਰੋੜ ਰੁਪਏ ਦਾ ਪਿਆਜ਼ ਪੈਦਾ ਹੁੰਦਾ ਹੈ। ਬਾਕੀ ਪੂਰਤੀ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਹੋਰਨਾਂ ਸੂਬਿਆਂ ਤੋਂ ਕੀਤੀ ਜਾਂਦੀ ਹੈ। ਕਿਸਾਨਾਂ ਨੂੰ ਪਿਆਜ਼ ਦੇ ਉੱਤਮ ਬੀਜ ਦੀ ਉਪਲਬਧਤਾ, ਪੌਦ ਸੁਰੱਖਿਆ, ਤਕਨੀਕਾਂ ਦੀ ਜਾਣਕਾਰੀ ਦੀ ਘਾਟ ਪੰਜਾਬ 'ਚ ਪਿਆਜ਼ ਦੀ ਘੱਟ ਪੈਦਾਵਾਰ ਦੇ ਮੁੱਖ ਕਾਰਨ ਹਨ। ਸੰਗਠਿਤ ਖੇਤਰ ਪਿਆਜ਼ ਦੇ ਬੀਜ ਦੀ ਕੇਵਲ 54 ਫ਼ੀਸਦੀ ਲੋੜ ਪੂਰੀ ਕਰਦਾ ਹੈ। ਰਹਿੰਦੀ ਲੋੜ ਕਿਸਾਨ ਆਪ ਪੂਰੀ ਕਰਦੇ ਹਨ।

ਜਾਮਣੀ ਧੱਬਿਆਂ ਦਾ ਰੋਗ

ਇਹ ਉੱਲੀ ਰੋਗ ਹੈ, ਜੋ ਲਸਣ ਤੇ ਪਿਆਜ਼ ਦੀਆਂ ਫ਼ਸਲਾਂ 'ਤੇ ਹਮਲਾ ਕਰਦਾ ਹੈ। ਬੀਜ ਵਾਲੀ ਫ਼ਸਲ 'ਤੇ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ। ਇਹ ਬਿਮਾਰੀ ਫ਼ਸਲ ਦੇ ਕਿਸੇ ਵੀ ਹਿੱਸੇ 'ਤੇ ਹਮਲਾ ਕਰ ਸਕਦੀ ਹੈ ਪਰ ਫੁੱਲਾਂ ਵਾਲੀਆਂ ਟਹਿਣੀਆਂ 'ਤੇ ਇਸ ਦਾ ਹਮਲਾ ਬਹੁਤ ਨੁਕਸਾਨ ਕਰਦਾ ਹੈ। ਇਸ ਬਿਮਾਰੀ ਦੇ ਸ਼ੁਰੂਆਤੀ ਹਮਲੇ ਨਾਲ ਪੱਤਿਆਂ 'ਤੇ ਪਾਣੀ ਭਿੱਜੇ ਧੱਬੇ ਪੈ ਜਾਂਦੇ ਹਨ। ਬਿਮਾਰੀ ਵੱਧਣ ਨਾਲ ਇਹ ਧੱਬੇ ਅੰਡਾਕਾਰ ਤੇ ਫਿਰ ਅੱਖ ਦੀ ਸ਼ਕਲ ਵਰਗੇ ਹੋ ਕੇ ਜਾਮਣੀ ਹੋ ਜਾਂਦੇ ਹਨ। ਸਿੱਲ੍ਹੇ ਮੌਸਮ 'ਚ ਇਨ੍ਹਾਂ ਧੱਬਿਆਂ ਉੱਪਰ ਕਾਲੀ ਉੱਲੀ ਪੈਦਾ ਹੋ ਜਾਂਦੀ ਹੈ। ਉੱਲੀ ਦੇ ਇਹ ਕਾਲੇ ਕਣ ਬਿਮਾਰੀ ਨੂੰ ਫੁੱਲਾਂ ਵਾਲੀਆਂ ਡੰਡੀਆਂ ਤਕ ਫ਼ੈਲਾਅ ਦਿੰਦੇ ਹਨ। ਫੁੱਲਾਂ ਵਾਲੀਆਂ ਟਹਿਣੀਆਂ ਬੀਜ ਬਣਨ ਤੋਂ ਪਹਿਲਾਂ ਹੀ ਮੁਰਝਾ ਜਾਂਦੀਆਂ ਹਨ।

ਜੇ ਟਹਿਣੀਆਂ 'ਤੇ ਬਿਮਾਰੀ ਦਾ ਹਮਲਾ ਬੀਜ ਬਣਨ ਤੋਂ ਬਾਅਦ ਹੋਵੇ ਤਾਂ ਟਾਹਣੀਆਂ ਟੁੱਟ ਜਾਂਦੀਆਂ ਹਨ। ਬੀਜਾਂ ਵਾਲਾ ਫੁੱਲਾਂ ਦਾ ਗੁੱਛਾ ਬੂਟੇ ਨਾਲੋਂ ਵੱਖ ਹੋ ਜਾਂਦਾ ਹੈ ਤੇ ਬੀਜ ਬੇਜਾਨ ਤੇ ਸੁੰਗੜਿਆ ਹੋਇਆ ਪੈਦਾ ਹੁੰਦਾ ਹੈ। ਥਰਿੱਪ ਦਾ ਹਮਲਾ ਬਿਮਾਰੀ ਨੂੰ ਤੇਜ਼ੀ ਨਾਲ ਵਧਾਉਂਦਾ ਹੈ, ਜਿਸ ਨਾਲ ਬੀਜ ਵਾਲੀ ਫ਼ਸਲ ਦਾ 80-85 ਫ਼ੀਸਦੀ ਨੁਕਸਾਨ ਹੋ ਸਕਦਾ ਹੈ। ਇਸ ਬਿਮਾਰੀ ਦੇ ਵੱਧਣ-ਫੁੱ

ਛੋਟੇ ਕਾਰੋਬਾਰਾਂ ਨੇ 1 ਕਰੋੜ ਤੋਂ ਵੱਧ ਨੌਕਰੀਆਂ ਦਿੱਤੀਆਂ, ਸਰਵੇ 'ਚ ਵੱਡਾ ਖੁਲਾਸਾ

ਏਜੰਸੀਆਂ

ਨਵੀਂ ਦਿੱਲੀ 27 ਦਸੰਬਰ। ਦੇਸ ਵਿਚ ਨਿਰਮਾਣ, ਵਪਾਰ ਅਤੇ ਸੇਵਾਵਾਂ ਦੇ ਛੋਟੇ ਕਾਰੋਬਾਰਾਂ ਨੇ ਅਕਤੂਬਰ 2023 ਤੋਂ ਇਸ ਸਾਲ ਸਤੰਬਰ ਦੇ ਵਿਚਕਾਰ 12 ਕਰੋੜ ਤੋਂ ਵੱਧ ਕਾਮਿਆਂ ਨੂੰ ਰੁਜਗਾਰ ਦਿੱਤਾ। ਸਾਲ

2022-23 ਤੋਂ 1 ਕਰੋੜ ਤੋਂ ਵੱਧ ਕਰਮਚਾਰੀ ਜੁੜੇ, ਜਦੋਂ ਕਿ ਯੂਨਿਟਾਂ ਦੀ ਕੁੱਲ ਗਿਣਤੀ 2023-24 'ਚ 6.5 ਕਰੋੜ ਤੋਂ ਵੱਧ ਕੇ 7.3 ਕਰੋੜ ਤੋਂ ਵੱਧ ਹੋ ਗਈ, ਜੋ ਕਿ ਕੋਵਿਡ-19 ਤੋਂ ਮਹੱਤਵਪੂਰਨ ਸੈਕਟਰ ਦੀ ਰਿਕਵਰੀ ਨੂੰ ਦਰਸਾਉਂਦਾ ਹੈ। ਇਸ ਦਾ ਖੁਲਾਸਾ ਇਕ ਸਰਵੇਖਣ 'ਚ ਹੋਇਆ ਹੈ। 2023-24 ਲਈ ਗੈਰ-ਸੰਗਠਿਤ ਸੈਕਟਰ ਦਾ ਸਲਾਨਾ ਸਰਵੇਖਣ, ਜੋ ਕਿ ਉਤਪਾਦਨ, ਵਪਾਰ ਅਤੇ ਸੇਵਾਵਾਂ ਵਿਚ ਗੈਰ-ਖੇਤੀ ਗੈਰ-ਸੰਗਠਿਤ ਸੈਕਟਰ ਦੇ ਵੱਖ-ਵੱਖ ਆਰਥਿਕ ਅਤੇ ਸੰਚਾਲਨ ਮਾਪਦੰਡਾਂ ਨੂੰ ਦਰਸਾਉਂਦਾ ਹੈ। ਉੱਥੇ ਹੀ ਪਿਛਲੇ ਸਾਲ ਦੀ ਤੁਲਨਾ ਵਿਚ ਅਕਤੂਬਰ 2023 ਸਤੰਬਰ 2024 ਦਰਮਿਆਨ ਅਦਾਰਿਆਂ ਦੀ ਅਨੁਮਾਨਤ ਗਿਣਤੀ ਵਿਚ 12.8 ਫੀਸਦੀ ਦਾ ਵਾਧਾ ਹੋਇਆ, ਜਦਕਿ ਇਸ ਸਮੇਂ ਦੌਰਾਨ ਕੁੱਲ ਰੁਜਗਾਰ ਵਿਚ 10.1 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਸਰਵੇਖਣ ਮੁਤਾਬਕ ਸੈਕਟਰ ਨੇ ਮੁੱਖ ਆਰਥਿਕ ਅਤੇ ਸੰਚਾਲਨ ਮੈਟ੍ਰਿਕਸ ਵਿਚ ਮਹੱਤਵਪੂਰਨ ਸਾਲ-ਦਰ-ਸਾਲ ਵਾਧਾ ਦਰਸਾਇਆ ਹੈ, ਜਿਸ 'ਚ ਅਦਾਰਿਆਂ, ਕਾਮਿਆਂ, ਮਜਦੂਰੀ ਅਤੇ ਮਿਹਨਤਾਨੇ ਅਤੇ ਉਤਪਾਦਕਤਾ ਦੀ ਅਨੁਮਾਨਿਤ ਗਿਣਤੀ ਸਾਮਲ ਹੈ। ਸਰਵੇਖਣ ਦੇ ਨਤੀਜੇ ਦਰਸਾਉਂਦੇ ਹਨ ਕਿ ਵਿਕਾਸ ਮੁੱਖ ਤੌਰ 'ਤੇ ਸੇਵਾ ਖੇਤਰ ਵਲੋਂ ਚਲਾਇਆ ਗਿਆ ਸੀ, ਜਿਸ ਵਿਚ ਅਦਾਰਿਆਂ 'ਚ 23.6 ਫੀਸਦੀ ਦਾ ਵਾਧਾ ਹੋਇਆ ਸੀ। ਰੁਜਗਾਰ ਵਿਚ 17.9 ਫੀਸਦੀ ਦਾ ਵਾਧਾ ਹੋਇਆ। ਉੱਥੇ ਹੀ ਕੰਮ 'ਤੇ ਰੱਖੇ ਗਏ ਹਰੇਕ ਕਾਮੇ ਦਾ ਔਸਤ ਮਿਹਨਤਾਨਾ 2022-23 'ਚ 124,842 ਰੁਪਏ ਤੋਂ 13 ਫੀਸਦੀ ਵਧ ਕੇ 2023-24 ਵਿਚ 141,071 ਰੁਪਏ ਹੋ ਗਿਆ। ਗੈਰ-ਸੰਗਠਿਤ ਗੈਰ-ਖੇਤੀ ਅਦਾਰੇ ਸਾਮਲ ਨਹੀਂ ਕੀਤੇ ਗਏ ਹਨ। ਜਿਸਦਾ ਮਤਲਬ ਹੈ ਕਿ ਉਹ ਨਾ ਤਾਂ ਕੰਪਨੀ ਐਕਟ 1956 ਅਤੇ ਨਾ ਹੀ 2013 ਐਕਟ ਦੇ ਤਹਿਤ ਰਜਿਸਟਰਡ ਹਨ।

ਹਲਕੀ ਜਿਹੀ ਬਾਰਿਸ਼ ਮਗਰੋਂ ਹੀ ਬਿਜਲੀ ਸਪਲਾਈ ਹੋ ਗਈ ਠੱਪ

ਸਰਦੂਲ ਸਿੰਘ

ਲੁਧਿਆਣਾ 27 ਦਸੰਬਰ। ਬੀਤੀ ਸਵੇਰ ਪਏ ਹਲਕੇ ਜਿਹੇ ਮੀਂਹ ਨੇ ਹੀ ਪਾਵਰਕਾਮ ਦੇ ਸਿਸਟਮ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਿਸਟਮ ਵਿਗੜਨ ਕਾਰਨ ਬਿਜਲੀ ਸਪਲਾਈ ਬੰਦ ਹੋ ਗਈ, ਜਿਸ ਕਾਰਨ ਲੋਕ ਪਾਣੀ ਦੀ ਬੂੰਦ-ਬੂੰਦ ਲਈ ਤਰਸਦੇ ਦੇਖੇ ਗਏ। ਸਨਅਤੀ ਸਹਿਰ ਦੇ ਚੰਡੀਗੜ੍ਹ ਰੋਡ, ਪੁਲਸ ਕਮਿਸਨਰ ਦਫਤਰ ਅਤੇ ਬਸਤੀ ਜੋਧੇਵਾਲ ਸਮੇਤ ਜ਼ਿਆਦਾਤਰ ਉੱਤਰੀ ਇਲਾਕਿਆਂ 'ਚ ਬਿਜਲੀ ਸਪਲਾਈ ਨੂੰ ਲੈ ਕੇ ਸਥਿਤੀ ਅਜਿਹੀ ਬਣੀ ਹੋਈ ਸੀ ਕਿ ਸਵੇਰੇ ਬਾਰਿਸ ਸ਼ੁਰੂ ਹੁੰਦੇ ਹੀ ਬਿਜਲੀ ਸਪਲਾਈ ਠੱਪ ਹੋ ਗਈ। ਬਿਜਲੀ ਸਪਲਾਈ ਨੂੰ ਦੁਪਹਿਰ ਤੱਕ ਵੀ ਬਹਾਲ ਨਹੀਂ ਕੀਤਾ ਜਾ ਸਕਿਆ, ਜਿਸ ਕਾਰਨ ਇਲਾਕਾ ਨਿਵਾਸੀ ਆਪਣੇ ਘਰਾਂ 'ਚ ਸਫਾਈ ਦਾ ਕੰਮ ਮੁਕੰਮਲ ਕਰਨ ਲਈ ਪਾਣੀ ਭਰਨ ਲਈ ਖਾਲੀ ਬਾਲਟੀਆਂ ਲੈ ਕੇ ਇਧਰ-ਓਧਰ ਭਟਕਦੇ ਦੇਖੇ ਗਏ ਪਰ ਬਿਜਲੀ ਦੇ ਕੱਟ ਲੱਗਣ ਕਾਰਨ ਪੂਰੇ ਇਲਾਕੇ 'ਚ ਇਲਾਕੇ ਦੇ ਲੋਕਾਂ ਨੂੰ ਨਿਰਾਸਾ ਦਾ ਸਾਹਮਣਾ ਕਰਨਾ ਪਿਆ। ਪੁਲਸ ਕਮਿਸਨਰ ਦਫਤਰ ਦੇ ਨਜਦੀਕ ਸਥਿਤ ਅਸਲਾ ਬ੍ਰਾਂਚ ਦਫਤਰ 'ਚ ਬਿਜਲੀ ਗੁੱਲ ਹੋਣ ਕਾਰਨ ਮੌਕੇ 'ਤੇ ਤਾਇਨਾਤ ਮੁਲਾਜਮਾਂ ਨੂੰ ਜਰੂਰੀ ਕੰਮ ਨੇਪਰੇ ਚਾੜ੍ਹਨ ਲਈ ਮੋਬਾਈਲ ਫੋਨ ਦੀ ਟਾਰਚ ਜਗਾਉਣੀ ਪਈ, ਜਿਸ ਕਾਰਨ ਮੁਲਾਜਮਾਂ ਨੂੰ ਬਾਹਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਸਹਿਰ ਵਾਸੀਆਂ ਨੇ ਪਾਵਰਕਾਮ ਵਿਭਾਗ ਦੀ ਕਾਰਜਸੈਲੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ, ਜਿਸ ਨੂੰ ਲੈ ਕੇ ਔਰਤਾਂ



ਸਿਮਰਨ ਖੇੜਾ, ਸ਼ਿਖਾ ਤੇ ਅੰਮ੍ਰਿਤ ਲਾਲ ਅਤੇ ਹਰੀਸ ਕੁਮਾਰ ਨੇ ਕਿਹਾ ਕਿ ਜੇਕਰ ਸਰਦੀਆਂ 'ਚ ਬਿਜਲੀ ਸਪਲਾਈ ਨੂੰ ਲੈ ਕੇ ਪਾਵਰਕਾਮ ਵਿਭਾਗ ਦੀ ਹਾਲਤ ਇੰਨੀ ਤਰਸਯੋਗ ਰਹੀ ਤਾਂ ਗਰਮੀਆਂ 'ਚ ਸਹਿਰ ਦੀ ਕੀ ਹਾਲਤ ਹੋਵੇਗੀ, ਇਸ ਦਾ ਅੰਦਾਜਾ ਮੌਜੂਦਾ ਤਸਵੀਰਾਂ ਨੂੰ ਦੇਖ ਕੇ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਕੈਲਾਸ ਨਗਰ ਇਲਾਕੇ 'ਚ ਫਾਸਟ ਫੂਡ ਦੀ ਦੁਕਾਨ ਚਲਾਉਣ ਵਾਲੇ ਨੇ ਦੱਸਿਆ ਕਿ ਸਵੇਰ ਤੋਂ ਬਿਜਲੀ ਬੰਦ ਹੋਣ ਕਾਰਨ ਉਹ ਆਪਣੀ ਦੁਕਾਨ 'ਤੇ ਕੱਚਾ ਮਾਲ ਵੀ ਤਿਆਰ ਨਹੀਂ ਕਰ ਸਕੇ, ਉਥੇ ਪਾਣੀ ਭਰਨ ਲਈ ਉਹ ਭਟਕਦੇ ਰਹੇ ਪਰ ਬਿਜਲੀ ਦੇ ਕੱਟਾਂ ਕਾਰਨ ਉਨ੍ਹਾਂ ਨੂੰ ਕਿਤੇ ਵੀ ਪਾਣੀ ਦੀ ਸਪਲਾਈ ਨਹੀਂ ਮਿਲ ਸਕੀ, ਜਿਸ ਕਾਰਨ ਉਨ੍ਹਾਂ ਦਾ ਕਾਰੋਬਾਰ ਬਰਬਾਦ ਹੋ ਗਿਆ ਹੈ। ਕੁਝ ਔਰਤਾਂ ਨੇ ਦੱਸਿਆ ਕਿ ਬਿਜਲੀ ਦੇ ਕੱਟ ਅਤੇ ਹਨੇਰੇ ਕਾਰਨ ਉਹ ਆਪਣੇ ਬੱਚਿਆਂ ਨੂੰ ਸਕੂਲ ਦਾ ਹੋਮਵਰਕ ਵੀ ਨਹੀਂ ਕਰਵਾ ਸਕੀਆਂ। ਪਾਵਰਕਾਮ ਦੇ ਸਿਟੀ ਵੈਸਟ ਡਵੀਜਨ ਦੇ ਐਕਸੀਅਨ ਗੁਰਮਨ ਸਿੰਘ ਨੇ ਦੱਸਿਆ ਕਿ ਤਕਨੀਕੀ ਨੁਕਸ ਕਾਰਨ ਕਈ ਇਲਾਕਿਆਂ 'ਚ ਬਿਜਲੀ ਸਪਲਾਈ ਪ੍ਰਭਾਵਿਤ ਹੋਈ ਹੈ। ਉਨ੍ਹਾਂ ਦੱਸਿਆ ਕਿ ਬਿਜਲੀ ਬੰਦ ਦੀ ਸੂਚਨਾ ਮਿਲਣ ਤੋਂ ਬਾਅਦ ਪਾਵਰਕਾਮ ਦੇ ਮੁਲਾਜਮਾਂ ਦੀਆਂ ਵੱਖ-ਵੱਖ ਟੀਮਾਂ ਨੂੰ ਭੇਜ ਦਿੱਤੀਆਂ ਗਈਆਂ ਹਨ। ਜਦ ਉਨ੍ਹਾਂ ਤੋਂ ਪੁੱਛਿਆ ਕਿ ਵਿਭਾਗ ਵੱਲੋਂ ਬਿਜਲੀ ਲਾਈਨਾਂ ਦੀ ਲੋੜੀਂਦੀ ਮੁਰੰਮਤ ਲਈ ਸਪਲਾਈ ਬੰਦ ਕੀਤੀ ਜਾਂਦੀ ਹੈ, ਤਾਂ ਕਿ ਪਾਵਰਕਾਮ ਦੇ ਅਧਿਕਾਰੀਆਂ ਦੀ ਇਹ ਜ਼ਿੰਮੇਵਾਰੀ ਨਹੀਂ ਹੈ ਕਿ ਉਹ ਇਸ ਅਹਿਮ ਮਾਮਲੇ ਸਬੰਧੀ ਇਲਾਕਾ ਨਿਵਾਸੀਆਂ ਨੂੰ ਨਿਰਧਾਰਿਤ ਸਮੇਂ ਤੋਂ ਪਹਿਲਾਂ ਸੂਚਿਤ ਕਰਨ, ਤਾਂ ਜੋ ਲੋਕ ਆਪਣੇ ਘਰਾਂ ਅਤੇ ਦੁਕਾਨਾਂ ਨਾਲ ਸਬੰਧਤ ਜਰੂਰੀ ਕੰਮ ਮਿਥੇ ਸਮੇਂ 'ਚ ਮੁਕੰਮਲ ਕਰ ਸਕਣ, ਤਾਂ ਐਕਸੀਅਨ ਗੁਰਮਨ ਉਕਤ ਸਵਾਲਾਂ ਦਾ ਕੋਈ ਸਹੀ ਜਵਾਬ ਨਹੀਂ ਦੇ ਸਕੇ।

ਲੁਧਿਆਣਾ 'ਚ ਵੀ ਸ਼ੁਰੂ ਹੋਈ ਜੋੜ-ਤੋੜ ! ਜੇਤੂ ਕੌਂਸਲਰ ਨੇ ਬਦਲ ਲਈ ਪਾਰਟੀ

ਲੁਧਿਆਣਾ 27 ਦਸੰਬਰ। ਆਮ ਆਦਮੀ ਪਾਰਟੀ ਦਾ ਕੁਨਬਾ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਅੱਜ ਇਸ ਨੂੰ ਹੋਰ ਬਲ ਉਦੋਂ ਮਿਲਿਆ ਜਦੋਂ ਨਗਰ ਨਿਗਮ ਚੋਣਾਂ ਤੋਂ ਬਾਅਦ ਵਾਰਡ ਨੰਬਰ 20 ਦੇ ਜੇਤੂ ਅਕਾਲੀ ਦਲ ਦੇ ਕੌਂਸਲਰ ਚਤਰਵੀਰ ਸਿੰਘ ਕਮਲ ਅਰੋੜਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਹਲਕਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਨੇ ਪਾਰਟੀ ਵਿਚ ਸ਼ਾਮਲ ਕੀਤਾ। ਨਗਰ ਨਿਗਮ ਚੋਣਾਂ ਦੇ ਵਿਚ ਆਮ ਆਦਮੀ ਪਾਰਟੀ ਦੇ ਵੱਲੋਂ ਚੰਗਾ ਪ੍ਰਦਰਸਨ ਕੀਤਾ ਗਿਆ ਹੈ। ਇਸ ਤੋਂ ਬਾਵਜੂਦ ਹੋਰ ਪਾਰਟੀਆਂ ਦੇ ਨੁਮਾਇੰਦੇ ਵੀ ਆਮ ਆਦਮੀ ਪਾਰਟੀ ਨਾਲ ਜੁੜਨਾ ਚਾਹੁੰਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਪੰਜਾਬ ਦਾ ਭਲਾ ਜੇਕਰ ਕੋਈ ਪਾਰਟੀ ਕਰ ਸਕਦੀ ਹੈ ਤਾਂ ਉਹ ਸਿਰਫ ਆਮ ਆਦਮੀ ਪਾਰਟੀ ਹੀ ਹੈ। ਆਮ ਆਦਮੀ ਪਾਰਟੀ ਵੱਲੋਂ ਲੁਧਿਆਣਾ ਵਿਚ ਆਪ ਦਾ ਮੇਅਰ

ਬਣਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸ ਸਮੇਂ ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈੱਡ, ਵਿਧਾਇਕ ਅਸੋਕ ਪਰਾਸਰ ਪੱਪੀ, ਵਿਧਾਇਕ ਮਦਨ ਲਾਲ ਬੱਗਾ ਅਤੇ ਵਾਈਸ ਚੇਅਰਮੈਨ ਪਰਮਵੀਰ ਸਿੰਘ ਹਾਜਰ ਰਹੇ। ਦੱਸ ਦਈਏ ਕਿ ਲੁਧਿਆਣਾ ਵਿਚ ਨਗਰ ਨਿਗਮ ਦਾ ਮੇਅਰ ਬਣਾਉਣ ਦੇ ਲਈ 48 ਕੌਂਸਲਰਾਂ ਦਾ ਸਮਰਥਨ ਹੋਣਾ ਜ਼ਰੂਰੀ ਹੈ। 'ਆਪ' ਦੇ 41 ਉਮੀਦਵਾਰਾਂ ਜੇਤੂ ਰਹੇ ਹਨ, ਉੱਥੇ ਹੀ ਕਾਂਗਰਸ 30 ਕੌਂਸਲਰਾਂ ਦੇ ਨਾਲ ਦੂਜੀ ਸਭ ਤੋਂ ਵੱਡੀ ਪਾਰਟੀ ਰਹੀ, ਜਦਕਿ ਭਾਜਪਾ ਦੇ 19 ਉਮੀਦਵਾਰ ਜਿੱਤੇ ਹਨ। ਸ਼੍ਰੋਮਣੀ ਅਕਾਲੀ ਦਲ 2 ਸੀਟਾਂ 'ਤੇ ਹੀ ਜਿੱਤ ਦਰਜ ਕਰ ਸਕਿਆ ਸੀ, ਉਸ ਵਿਚੋਂ ਵੀ 1 ਕੌਂਸਲਰ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਿਆ ਹੈ।

ਪੰਜਾਬ 'ਚ 23 ਸਾਲਾ ਕੁੜੀ ਨਾਲ ਸਮੂਹਿਕ ਜਬਰ-ਜਿਨਾਹ, ਪੀੜਤਾ ਨੂੰ ਪਿੰਡ ਦੇ ਬਾਹਰ ਸੁੱਟਿਆ

ਫਿਰੋਜਪੁਰ 27 ਦਸੰਬਰ। ਫਿਰੋਜਪੁਰ 'ਚ ਕਸਬਾ ਮਮਦੋਟ ਦੇ ਇਕ ਪਿੰਡ 'ਚ 23 ਸਾਲਾ ਕੁੜੀ ਨੂੰ ਘਰੋਂ ਅਗਵਾ ਕਰਕੇ ਉਸ ਨਾਲ ਸਮੂਹਿਕ ਜਬਰ-ਜ਼ਿਨਾਹ ਕੀਤੇ ਜਾਣ ਦੀ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ। ਅਜਿਹੀ ਘਿਨੌਣੀ ਹਰਕਤ ਪਿੰਡ ਦੇ ਹੀ 2 ਮੁੰਡਿਆਂ ਵਲੋਂ ਕੀਤੀ ਦੱਸੀ ਜਾ ਰਹੀ ਹੈ। ਸਮੂਹਿਕ ਜਬਰ-ਜ਼ਿਨਾਹ ਕਰਨ ਮਗਰੋਂ ਪੀੜਤ ਕੁੜੀ ਨੂੰ ਦੋਸ਼ੀ ਪਿੰਡ ਦੇ ਬਾਹਰ ਸੁੱਟ ਕੇ ਫਰਾਰ ਹੋ ਗਏ। ਫਿਲਹਾਲ ਪੀੜਤਾ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ ਅਤੇ ਦੋਸ਼ੀਆਂ ਦੀ ਭਾਲ ਜਾਰੀ ਹੈ। ਜਾਣਕਾਰੀ ਮੁਤਾਬਕ ਹਸਪਤਾਲ 'ਚ ਦਾਖਲ ਪੀੜਤਾ ਨੇ ਦੱਸਿਆ ਕਿ ਜਦੋਂ ਉਹ ਰਾਤ ਨੂੰ ਬਾਥਰੂਮ ਜਾਣ ਲਈ ਉੱਠੀ ਤਾਂ ਪਿੰਡ ਦੇ ਹੀ 2 ਨੌਜਵਾਨ ਘਰ ਦੀਆਂ ਕੰਧਾ ਟੱਪ ਕੇ ਅੰਦਰ ਦਾਖਲ ਹੋਏ ਹੋਏ। ਉਨ੍ਹਾਂ ਨੇ ਪਿਸਤੌਲ ਦੀ ਨੋਕ 'ਤੇ ਉਸ ਨੂੰ ਅਗਵਾ ਕੀਤਾ ਅਤੇ ਗੱਡੀ 'ਚ ਬਿਠਾ ਸੁੰਨਸਾਨ ਥਾਂ ਇਕ ਹਵੇਲੀ 'ਚ ਲੈ ਗਏ। ਦੋਸ਼ੀਆਂ ਨੇ ਇੱਥੇ ਪੀੜਤਾ ਨਾਲ ਵਾਰੀ-ਵਾਰੀ ਸਮੂਹਿਕ ਜਬਰ-ਜ਼ਿਨਾਹ ਕੀਤਾ। ਇਸ ਤੋਂ ਬਾਅਦ ਦੋਸ਼ੀ ਪੀੜਤਾ ਨੂੰ ਪਿੰਡ ਦੇ ਬਾਹਰ ਸੁੱਟ ਕੇ ਫਰਾਰ ਹੋ ਗਏ। ਪੀੜਤਾ ਕਿਸੇ ਤਰ੍ਹਾਂ ਆਪਣੇ ਘਰ ਪੁੱਜੀ ਅਤੇ ਪਰਿਵਾਰ ਨੂੰ ਸਾਰੀ ਗੱਲ ਦੱਸੀ। ਪਰਿਵਾਰ ਵਲੋਂ ਪੀੜਤਾ ਨੂੰ ਸਿਵਲ ਹਸਪਤਾਲ ਬੰਦੋੜ ਵਿਖੇ ਦਾਖਲ ਕਰਾਇਆ ਗਿਆ। ਫਿਲਹਾਲ ਪੁਲਸ ਨੇ ਪੀੜਤ ਕੁੜੀ ਦੇ ਬਿਆਨਾਂ 'ਤੇ ਦੋਵੇਂ ਦੋਸ਼ੀਆਂ ਖ਼ਿਲਾਫ ਮੁਕੱਦਮਾ ਦਰਜ ਕਰ ਲਿਆ ਹੈ। ਫਿਲਹਾਲ ਦੋਸ਼ੀ ਫਰਾਰ ਹਨ ਅਤੇ ਪੁਲਸ ਵਲੋਂ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

ਸਿਗਰਟ ਤੇ ਤੰਬਾਕੂ ਨੂੰ ਲੈ ਕੇ ਸਰਕਾਰ ਦਾ ਵੱਡਾ ਫੈਸਲਾ !

ਏਜੰਸੀਆਂ

ਨਵੀਂ ਦਿੱਲੀ 27 ਦਸੰਬਰ। ਸਿਗਰੇਟ, ਗੁਟਖਾ ਅਤੇ ਪਾਨ ਮਸਾਲਾ ਵਰਗੇ ਤੰਬਾਕੂ ਉਤਪਾਦਾਂ ਲਈ ਹੁਣ ਇੱਕ ਵਿਲੱਖਣ ਪਛਾਣ ਨੰਬਰ (ਜਿਵੇਂ ਕਿ ਆਧਾਰ) ਹੋਵੇਗਾ। ਹਰੇਕ ਸਿਗਰੇਟ ਅਤੇ ਤੰਬਾਕੂ ਦੇ ਪਾਊਚ 'ਤੇ ਇੱਕ ਵਿਸੇਸ ਵਿਲੱਖਣ ਪਛਾਣ (ਯੂਨੀਕ ਆਈਡੀ) ਨੰਬਰ ਲਗਾਇਆ ਜਾਵੇਗਾ। ਇਹ ਸਕੀਮ ਟੈਕਸ ਚੋਰੀ ਰੋਕਣ ਅਤੇ ਸਪਲਾਈ ਚੇਨ ਨੂੰ ਟਰੈਕ ਕਰਨ ਲਈ ਲਿਆਂਦੀ ਜਾ ਰਹੀ ਹੈ। ਯੂਨੀਕ ਆਈਡੀ ਦੇ ਤਹਿਤ, ਹਰੇਕ ਸਿਗਰੇਟ ਅਤੇ ਤੰਬਾਕੂ ਉਤਪਾਦ 'ਤੇ ਇੱਕ ਡਿਜੀਟਲ ਸਟੈਂਪ ਜਾਂ ਵਿਲੱਖਣ ਨਿਸਾਨ ਹੋਵੇਗਾ। ਇਸਨੂੰ ਹਟਾਇਆ ਜਾਂ ਬਦਲਿਆ ਨਹੀਂ ਜਾ ਸਕਦਾ। ਇਸ ਵਿਸੇਸ ਯੂਨੀਕ ਆਈਡੀ ਰਾਹੀਂ ਸਰਕਾਰ ਇਨ੍ਹਾਂ ਉਤਪਾਦਾਂ ਦੀ ਪੂਰੀ ਸਪਲਾਈ ਲੜੀ 'ਤੇ ਨਜਰ ਰੱਖ ਸਕੇਗੀ ਅਤੇ ਇਹ ਯਕੀਨੀ ਬਣਾ ਸਕੇਗੀ ਕਿ ਕੋਈ ਟੈਕਸ ਚੋਰੀ ਨਾ ਹੋਵੇ। ਪਿਛਲੇ ਸਾਲ ਸਿਗਰਟਾਂ 'ਤੇ 180 ਕਰੋੜ ਰੁਪਏ ਦੀ ਟੈਕਸ ਚੋਰੀ ਦੇ ਮਾਮਲੇ ਸਾਹਮਣੇ ਆਏ ਸਨ। ਇਸ ਤੋਂ ਇਲਾਵਾ ਜੀਐਸਟੀ ਕੌਂਸਲ ਨੇ ਪਾਇਆ ਕਿ ਕਈ ਉਤਪਾਦਾਂ ਦੀ ਸਪਲਾਈ ਚੇਨ ਵਿੱਚ ਟੈਕਸ ਚੋਰੀ ਹੋਣ ਦੀ ਸੰਭਾਵਨਾ ਹੈ। ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਅਤੇ ਟੈਕਸ ਮਾਲੀਆ ਵਧਾਉਣ ਲਈ ਇਹ ਸਕੀਮ ਲਾਗੂ ਕੀਤੀ ਜਾ ਰਹੀ ਹੈ। ਡਿਜੀਟਲ ਸਟੈਂਪ: ਸਿਗਰੇਟ ਅਤੇ ਤੰਬਾਕੂ ਉਤਪਾਦਾਂ 'ਤੇ ਇੱਕ ਡਿਜੀਟਲ

ਸਟੈਂਪ ਜਾਂ ਵਿਲੱਖਣ ਚਿੰਨ੍ਹ ਲਗਾਇਆ ਜਾਵੇਗਾ। ਅਤੇ ਟਰੇਸ ਮਕੈਨਿਜਮ: ਇਸ ਟੈਕਨਾਲੋਜੀ ਦੇ ਜਰੀਏ, ਸਪਲਾਈ ਚੇਨ ਦੇ ਹਰ ਉਤਪਾਦ ਨੂੰ ਟਰੈਕ ਕੀਤਾ ਜਾਵੇਗਾ। ਫਰੇਮਵਰਕ: ਇਸ ਪ੍ਰਕਿਰਿਆ ਨੂੰ ਲਾਗੂ ਕਰਨ ਲਈ ਇੱਕ ਕਾਨੂੰਨੀ ਢਾਂਚਾ ਵੀ ਤਿਆਰ ਕੀਤਾ ਜਾਵੇਗਾ। ਕੰਪਨੀਆਂ 'ਤੇ ਜੁਰਮਾਨਾ: ਯੂਨੀਕ ਆਈਡੀ ਨੂੰ ਲਾਗੂ ਨਾ ਕਰਨ ਵਾਲੀਆਂ ਕੰਪਨੀਆਂ ਨੂੰ 1 ਲੱਖ ਰੁਪਏ ਜਾਂ ਕੁੱਲ ਟੈਕਸ ਦਾ 10% ਜੁਰਮਾਨਾ ਕੀਤਾ ਜਾਵੇਗਾ। ਬਹੁਤ ਸਾਰੇ ਦੇਸ ਪਹਿਲਾਂ ਹੀ ਇਸ ਕਿਸਮ ਦੇ ਟਰੈਕ ਅਤੇ ਟਰੇਸ ਪ੍ਰਣਾਲੀਆਂ ਨੂੰ ਲਾਗੂ ਕਰ ਚੁੱਕੇ ਹਨ। ਇਹ ਪ੍ਰਣਾਲੀ ਟੈਕਸ ਚੋਰੀ ਨੂੰ ਰੋਕਣ ਅਤੇ ਗੈਰ-ਕਾਨੂੰਨੀ ਉਤਪਾਦਾਂ 'ਤੇ ਰੋਕ ਲਗਾਉਣ ਲਈ ਕਾਰਗਰ ਸਾਬਤ ਹੋਈ ਹੈ। ਟੈਕਸ ਚੋਰੀ 'ਤੇ ਪਾਬੰਦੀ: ਇਸ ਯੂਨੀਕ ਆਈਡੀ ਨਾਲ ਸਰਕਾਰ ਟੈਕਸ ਚੋਰੀ ਕਰਨ ਵਾਲੀਆਂ ਕੰਪਨੀਆਂ 'ਤੇ ਸਖਤ ਨਜਰ ਰੱਖ ਸਕੇਗੀ। ਸਪਲਾਈ ਚੇਨ ਦੀ ਪਾਰਦਰਸਤਾ: ਇਹ ਜਾਣਨਾ ਆਸਾਨ ਹੋਵੇਗਾ ਕਿ ਉਤਪਾਦ ਕਿੱਥੋਂ ਆ ਰਹੇ ਹਨ ਅਤੇ ਕਿੱਥੇ ਜਾ ਰਹੇ ਹਨ। ਮਾਲੀਏ ਵਿੱਚ ਵਾਧਾ: ਸਰਕਾਰ ਨੂੰ ਜੀਐਸਟੀ ਚੋਰੀ ਰੋਕਣ ਨਾਲ ਹੋਰ ਮਾਲੀਆ ਮਿਲੇਗਾ। ਸਰਕਾਰ ਜਲਦੀ ਹੀ ਇਸ ਸਕੀਮ ਲਈ ਨੋਟੀਫਿਕੇਸਨ ਜਾਰੀ ਕਰੇਗੀ।

ਪੰਜਾਬ 'ਚ ਸ਼ਰਮਨਾਕ ਘਟਨਾ, ਗੁਆਂਢੀ ਨੇ ਰੋਲੀ ਕੁੜੀ ਦੀ ਪੱਤ

ਕਪੂਰਥਲਾ 27 ਦਸੰਬਰ। ਥਾਣਾ ਸਿਟੀ ਅਧੀਨ ਪੈਂਦੇ ਮਹਿਤਾਬਗੜ੍ਹ ਮੁਹੱਲੇ 'ਚ ਗੁਆਂਢੀ ਵੱਲੋਂ ਨਾਬਾਲਗ ਵਿਦਿਆਰਥਣ ਨਾਲ ਜਬਰ-ਜ਼ਿਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ 'ਚ ਮੁਲਜਮ ਨੌਜਵਾਨ ਖ਼ਿਲਾਫ ਪੋਕਸੋ ਐਕਟ ਅਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਜਾਣਕਾਰੀ ਅਨੁਸਾਰ ਮੁਹੱਲਾ ਮਹਿਤਾਬਗੜ੍ਹ ਵਾਸੀ ਇਕ ਵਿਅਕਤੀ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਉਸ ਦੇ ਤਿੰਨ ਬੱ